
ਮਜ਼ਦੂਰ ਜਮਾਤੀ ਸੰਗੀਤ ਰਚਨਾ ਦੀਆਂ ਸਮੱਸਿਆਵਾਂ



ਦਸਤਕ ਪ੍ਰਕਾਸ਼ਨ

ਮਜ਼ਦੂਰ ਜਮਾਤੀ ਸੰਗੀਤ ਰਚਨਾ ਦੀਆਂ ਸਮੱਸਿਆਵਾਂ

ਸਿਰਜਣ ਸੀਰੀਜ ਸਿਧਾਂਤ

ਦਸਤਕ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਪਰਿਕਲਪਨਾ ਪ੍ਰਕਾਸ਼ਨ, ਲਖਨਊ)

ਪਹਿਲਾ ਐਡੀਸ਼ਨ - ਅਕਤੂਬਰ 2005
ਟਾਈਟਲ ਤਸਵੀਰ — 'ਗਿਟਾਰ' (ਪਾਬਲੋ ਪਿਕਾਸੋ)

ਪ੍ਰਕਾਸ਼ਕ : ਦਸਤਕ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਪਰਿਕਲਪਨਾ ਪ੍ਰਕਾਸ਼ਨ-ਲਖਨਊ)
ਪਤਾ — ਸ਼ਹੀਦ ਭਗਤ ਸਿੰਘ ਭਵਨ, ਸੀਲੋਆਣੀ ਰੋਡ,
ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109
ਫੋਨ ਨੰ. 098155-87807.
ਈਮੇਲ : janchetnapb@gmail.com
ਮੁੱਖ ਦਫਤਰ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

ਕੀਮਤ — 10 ਰੁਪਏ

ਮਜ਼ਦੂਰ ਜਮਾਤੀ ਸੰਗੀਤ ਰਚਨਾ ਦੀਆਂ ਸਮੱਸਿਆਵਾਂ

ਮਜ਼ਦੂਰ ਜਮਾਤੀ ਸੰਗੀਤ ਤੋਂ ਇੱਥੇ ਸਾਡਾ ਭਾਵ ਉਸ ਤੋਂ ਨਹੀਂ ਹੈ ਜੋ ਮਜ਼ਦੂਰ ਜਮਾਤ ਦੇ ਲੋਕ ਗਾਉਂਦੇ-ਵਜਾਉਂਦੇ ਹਨ। ਸਾਡਾ ਮਤਲਬ ਇੱਥੇ ਮਜ਼ਦੂਰ ਜਮਾਤ ਦੇ ਪੱਖ ਵਿਚ ਸੁਚੇਤ ਤੌਰ 'ਤੇ ਵਿਗਿਆਨਕ ਦ੍ਰਿਸ਼ਟੀ ਨਾਲ ਖੜ੍ਹੀ ਸੰਗੀਤ ਕਲਾ ਤੋਂ ਹੈ। ਇਤਿਹਾਸਕ ਤੇ ਦਵੰਦਾਤਮਕ ਭੌਤਿਕਵਾਦੀ ਸੰਸਾਰ ਦ੍ਰਿਸ਼ਟੀ ਨਾਲ ਲੈਸ ਸੰਗੀਤ ਤੋਂ ਹੈ। ਹਰ ਕਲਾ ਦੀ ਤਰ੍ਹਾਂ ਜਮਾਤੀ ਸਮਾਜ ਵਿਚ ਸੰਗੀਤ ਕਲਾ ਦਾ ਵੀ ਜਮਾਤੀ ਚਰਿੱਤਰ ਹੁੰਦਾ ਹੈ। ਜਮਾਤੀ ਪੱਖਪਾਤ ਹੁੰਦਾ ਹੈ। ਉਸ ਦੀਆਂ ਪਿਛਾਖੜੀ ਅਤੇ ਪ੍ਰਗਤੀਸ਼ੀਲ ਧਾਰਾਵਾਂ ਹੁੰਦੀਆਂ ਹਨ।

ਭਾਰਤ ਵਿਚ ਪ੍ਰਗਤੀਸ਼ੀਲ, ਜਮਹੂਰੀ ਤੇ ਖੱਬੇ-ਪੱਖੀ ਸੱਭਿਆਚਾਰਕ ਅੰਦੋਲਨ ਵਿਚ ਸੰਗੀਤ ਦੇ ਵਿਚਾਰਕ ਪੱਖਾਂ 'ਤੇ ਕੰਮ ਲੱਗਭੱਗ ਨਹੀਂ ਦੇ ਬਰਾਬਰ ਹੋਇਆ ਹੈ। ਜ਼ਿਆਦਾ ਤੋਂ ਜ਼ਿਆਦਾ ਕੁਝ ਅਮਲੀ ਪੱਖਾਂ 'ਤੇ ਗੱਲਬਾਤ ਦੇਖਦੇ ਹਾਂ। ਚਿੰਤਨ ਦੀ ਦ੍ਰਿਸ਼ਟੀ ਤੋਂ ਪਿਛਾਖੜੀ ਦੀ ਸੰਗੀਤ ਧਾਰਾ ਕਾਫੀ ਉੱਨਤ ਦਿਖਾਈ ਦਿੰਦੀ ਹੈ ਅਤੇ ਉਸ ਦਾ ਇਕ ਇਤਿਹਾਸਕ ਪਿਛੋਕੜ ਵੀ ਹੈ। ਲੋਕਾਂ ਦੇ ਸੱਭਿਆਚਾਰਕ ਅੰਦੋਲਨ ਦੀ ਮੁੜ ਉਸਾਰੀ ਲਈ ਇਸ ਗੱਲ ਦੀ ਸਖ਼ਤ ਜ਼ਰੂਰਤ ਹੈ ਕਿ ਮਜ਼ਦੂਰ ਜਮਾਤੀ ਸੰਗੀਤ ਦੇ ਵਿਚਾਰਕ ਤੇ ਸੰਚਰਨਾਤਮਕ ਪੱਖਾਂ 'ਤੇ ਸੋਚਣ-ਵਿਚਾਰਨ 'ਤੇ ਬਹਿਸ ਦੀ ਸ਼ੁਰੂਆਤ ਕੀਤੀ ਜਾਏ। ਇਹ ਇਕ ਵਿਆਪਕ ਸਵਾਲ ਹੈ। ਪਰ ਅਸੀਂ ਸਮਝਦੇ ਹਾਂ ਕਿ ਕੁਝ ਇਕ ਵਿਚਾਰ ਬਿੰਦੂਆਂ 'ਤੋਂ, ਕੁਝ ਇਕ ਸਵਾਲ ਖੜੇ ਕਰਨ ਨਾਲ ਅਤੇ ਮੌਜੂਦ ਹਾਲਤਾਂ ਦੀ ਆਲੋਚਨਾਤਮਕ ਪੜਤਾਲ ਨਾਲ ਵੀ ਸ਼ੁਰੂਆਤ ਕੀਤੀ ਜਾ ਸਕਦੀ ਹੈ। ਸ਼ੁਰੂਆਤ ਬਚਕਾਨੀ ਵੀ ਹੋਵੇ ਤਾਂ ਵੀ ਸ਼ੁਰੂਆਤ ਨਾ ਹੋਣ ਨਾਲੋਂ ਬਿਹਤਰ ਹੁੰਦੀ ਹੈ। ਫਿਰ ਇਹ ਵੀ ਤਾਂ ਸੱਚ ਹੈ ਕਿ ਮਹੱਤਵਪੂਰਨ ਤੋਂ ਮਹੱਤਵਪੂਰਨ ਚੀਜ਼ਾਂ ਦੀ ਸ਼ੁਰੂਆਤ ਵੀ ਆਮ ਤੌਰ 'ਤੇ ਬਚਕਾਨੀ ਹੀ ਹੁੰਦੀ ਹੈ, ਤਾਂ ਹੀ ਅਸੀਂ ਵਿਚਾਰਾਂ ਦੀ ਇਕ ਚੰਗੀ ਤਰ੍ਹਾਂ ਜਥੇਬੰਦ ਪ੍ਰਬੰਧ ਯੋਜਨਾ ਦੇ ਬਜਾਏ ਖਿੰਡੀਆਂ-ਖਿੰਡੀਆਂ ਗੱਲਾਂ ਨਾਲ ਸ਼ੁਰੂਆਤ ਕਰ ਰਹੇ ਹਾਂ।

(1) ਪਹਿਲੀ ਗੱਲ ਇਹ ਹੈ ਕਿ ਸੰਗੀਤ ਦੇ ਜਮਾਤੀ ਚਰਿੱਤਰ ਦੇ ਸਵਾਲ ਨੂੰ ਕਿੰਝ ਸਮਝਿਆ ਜਾਏ ? ਭਾਵਾਂ-ਵਿਚਾਰਾਂ ਦੇ ਪ੍ਰਗਟਾਅ ਦੇ ਇਕ ਮਾਧਿਅਮ ਦੇ ਰੂਪ ਵਿਚ ਸੰਗੀਤ ਦੀ ਵੀ ਆਪਣੀ ਇਕ 'ਭਾਸ਼ਾ' ਜਾਂ ਸੰਚਾਰ ਦੀ ਸੰਕੇਤ ਪ੍ਰਣਾਲੀ ਹੁੰਦੀ ਹੈ। ਇਸ ਨੂੰ ਅਸੀਂ ਭਾਸ਼ਾ ਦੇ ਬਰਾਬਰ ਰੱਖ ਸਕਦੇ ਹਾਂ। ਧੁਨੀ ਦੇ ਸੰਗੀਤਕ ਸਵਰੂਪ ਵਿਚ ਚਲਣ ਤੋਂ ਉਪਜੇ ਸੁਰ, ਉਨ੍ਹਾਂ ਦੇ ਆਘਾਤ-ਸੰਘਾਤ, ਆਰੋਹ-ਅਵਰੋਹ, ਲਯ-ਤਾਲ-ਨਾਦ-ਤਾਨ-ਮਾਨ, ਗਤੀ ਸੰਗੀਤ ਅਤੇ ਵਿਨਯਾਸ ਆਦਿ ਨੂੰ ਅਸੀਂ ਸੰਗੀਤਕ ਭਾਸ਼ਾ ਦੇ ਬਣਤਰੀ ਅੰਗਾਂ ਦੇ ਅਧੀਨ ਰੱਖ ਸਕਦੇ ਹਾਂ। ਜਿਸ ਪ੍ਰਕਾਰ ਭਾਸ਼ਾ ਦਾ ਆਪਣਾ ਕੋਈ ਜਮਾਤੀ ਚਰਿੱਤਰ ਨਹੀਂ ਹੁੰਦਾ, ਉਸੇ ਪ੍ਰਕਾਰ ਸੰਗੀਤ ਦੀ ਇਸ 'ਭਾਸ਼ਾ' ਦਾ ਵੀ ਕੋਈ ਜਮਾਤੀ ਚਰਿੱਤਰ ਨਹੀਂ ਹੁੰਦਾ। ਪਰੰਤੂ ਜਿਸ

ਤਰ੍ਹਾਂ ਭਾਸ਼ਾ ਵਿਚ ਪ੍ਰਗਟ ਹੋਣ ਵਾਲੇ ਹਰ ਵਿਚਾਰ ਦਾ, ਹਰ ਭਾਵ ਦਾ, ਸਮਾਜਿਕ ਚਰਿੱਤਰ ਹੋਣ ਦੇ ਨਾਤੇ ਅਤੇ ਕਿਰਤ ਪ੍ਰਕਿਰਿਆ ਅੰਦਰ ਮੂਲ ਹੋਣ ਦੇ ਚੱਲਦੇ ਜਮਾਤੀ ਚਰਿੱਤਰ ਹੁੰਦਾ ਹੈ, ਉਸੇ ਪ੍ਰਕਾਰ ਸੰਗੀਤ ਦੀ 'ਭਾਸ਼ਾ' 'ਚ ਸੰਚਾਰਤ ਹੋਣ ਵਾਲੇ ਹਰ ਭਾਵ-ਸੰਵੇਗ, ਹਰ ਅਹਿਸਾਸ ਅਤੇ ਹਰ ਵਿਚਾਰ ਦਾ ਜਮਾਤੀ ਚਰਿੱਤਰ ਹੁੰਦਾ ਹੈ। ਹਰ ਸਾਹਿਤਕ ਰਚਨਾ ਦੀ ਤਰ੍ਹਾਂ ਹਰ ਸੰਗੀਤਕ ਕੰਪੋਜੀਸ਼ਨ ਦਾ, ਰਾਗਾਂ ਦਾ ਜਾਂ ਸੋਨਾਟਾ, ਕੈਨਟਾਟਾ, ਸਿੰਫਨੀ ਆਦਿ ਦਾ ਜ਼ਰੂਰ ਹੀ ਜਮਾਤੀ ਚਰਿੱਤਰ ਹੁੰਦਾ ਹੈ।

(2) ਇਹ ਵੀ ਇਕ ਗਲਤ ਧਾਰਣਾ ਹੈ ਕਿ ਸੰਗੀਤ ਇਕ ਅਜਿਹੀ ਕਲਾ ਹੈ, ਜੋ ਕੇਵਲ ਭਾਵ-ਆਵੇਗਾਂ ਅਤੇ ਅਹਿਸਾਸਾਂ ਨੂੰ ਪ੍ਰਗਟ ਕਰਦੀ ਹੈ ਅਤੇ ਇਸ ਲਈ ਇਸ ਕਲਾ ਦੇ ਸਿਰਜਣ ਤੇ ਮਾਨਣ ਦਾ ਸੰਬੰਧ ਵਿਅਕਤੀ ਵਿਸ਼ੇਸ਼ ਦੀ ਚੇਤਨਾ ਦੇ ਧਰਾਤਲ ਨਾਲ ਹੈ, ਨਾ ਕਿ ਉਸ ਦੇ ਵਰਗ ਮੂਲ ਨਾਲ। ਭਾਵ, ਆਵੇਗਾਂ ਅਤੇ ਅਹਿਸਾਸ, ਮੁੱਲਾਂ ਤੋਂ ਮੁਕਤ ਜਾਂ ਵਿਚਾਰਾਂ ਤੋਂ ਉੱਪਰ ਨਹੀਂ ਹੁੰਦੇ। ਸੰਗੀਤਕਾਰ ਸਰੋਤੇ ਵਿਚ ਕਿਹੋ ਜਿਹਾ ਭਾਵ ਸੰਚਾਰ ਕਰਨਾ ਚਾਹੁੰਦਾ ਹੈ, ਉਸ ਦਾ ਇਹ ਉਦੇਸ਼ ਸੁਨਿਸ਼ਚਤਜਮਾਤੀ ਹਿਤ ਤੋਂ ਬਣਦਾ-ਚਲਦਾ ਹੈ। ਯਾਨੀ ਉਸ ਦੇ ਪਿੱਛੇ ਇਕ ਵਿਚਾਰ, ਇਕ ਵਿਚਾਰਧਾਰਾ ਹੁੰਦੀ ਹੈ, ਸਚੇਤਨ ਜਾਂ ਅਚੇਤਨ। ਇਹੀ ਨਹੀਂ ਅਮੂਰਤ ਤੋਂ ਅਮੂਰਤ 'ਨਿਰਪੇਖ' ਸ਼ਾਸਤਰੀ ਸੰਗੀਤ ਵਿਚ ਵੀ ਭਾਵਾਵੇਗਾਂ-ਅਹਿਸਾਸਾਂ ਦੇ ਨਾਲ ਕੁਝ ਵਿਚਾਰ ਪਹੁੰਚਦੇ ਹਨ, ਜੋ ਸਰੋਤੇ ਦੇ ਤਰਕ ਤੰਤਰ ਨੂੰ, ਉਸ ਦੀ ਵਿਚਾਰ ਪ੍ਰਣਾਲੀ ਨੂੰ ਅਣਜਾਣੇ-ਅਨਚਾਹੇ ਵੀ ਪ੍ਰਭਾਵਤ ਕਰਦੇ ਹਨ, ਉਸ ਦੀ ਮਾਨਸਿਕਤਾ ਨੂੰ ਅਨੁਕੂਲਤ ਕਰਦੇ ਹਨ।

(3) ਕੁਝ ਸਾਲ ਪਹਿਲਾਂ ਇਕ ਸਾਹਿਤਕ ਪੱਤ੍ਰਿਕਾ ਵਿਚ ਜਮਹੂਰੀ ਗੀਤਾਂ 'ਤੇ ਵਿਚਾਰ ਕਰਦੇ ਹੋਏ ਇਕ ਸੱਭਿਆਚਾਰਕ ਕਾਮੇ ਦੁਆਰਾ ਇਹ ਵਿਚਾਰ ਪੇਸ਼ ਕੀਤੇ ਗਏ ਇਹ ਵਿਚਾਰ ਪੜ੍ਹੇ ਸਨ ਕਿ ਹਾਕਮ ਜਮਾਤ ਦਾ ਜਗੀਰਦਾਰੀ-ਪੂੰਜੀਪਤੀਆਂ ਦਾ ਸੰਗੀਤ ਹੀ ਸੁਰ-ਅਧਾਰਤ ਹੋ ਸਕਦਾ ਹੈ ਅਤੇ ਕੇਵਲ ਸ਼ਬਦਾਅਧਾਰਤ ਸੰਗੀਤ ਹੀ ਲੋਕਾਂ ਦਾ ਇਨਕਲਾਬੀ ਸੰਗੀਤ ਹੋ ਸਕਦਾ ਹੈ। ਅਜਿਹੀ ਸੋਚ ਬਿਲਕੁਲ ਘਟੀਆ ਹੈ, ਜੋ ਲੋਕਾਂ ਦੀ ਚੇਤਨਾ ਨੂੰ ਖੜੋਤ ਵਿਚ ਮੰਨਦੀ ਹੈ। ਇਹ ਜੋ ਮਜ਼ਦੂਰ ਜਮਾਤੀ ਸੰਗੀਤ ਨੂੰ ਸੁਨਿਸ਼ਚਤ ਸੰਦੇਸ਼-ਨਿਰਦੇਸ਼ ਵਿਚਾਰ ਦੇ ਸੰਚਾਰ ਦਾ ਸਿਰਫ਼ ਮਾਧਿਅਮ ਹੀ ਮੰਨਦੀ ਹੈ ਅਤੇ ਇਸ ਤਰ੍ਹਾਂ ਘਟੀਆ ਪ੍ਰਯੋਜਨਵਾਦ ਦਾ ਸ਼ਿਕਾਰ ਹੁੰਦੀ ਹੈ। ਜੋ ਹਰ ਪ੍ਰਕਾਰ ਦੇ ਅਮੂਰਤਨ ਨੂੰ ਇਕ ਪਿਛਾਖੜੀ ਚੀਜ਼ ਮੰਨਦੀ ਹੈ।

(4) ਅਮੂਰਤਨ ਹਮੇਸ਼ਾ ਪਿਛਾਖੜ ਨਹੀਂ ਹੁੰਦਾ। ਕਲਾ ਦਾ ਜਨਮ ਹੀ ਜੀਵਨ ਦੇ ਅਮੂਰਤਨ ਤੋਂ ਹੋਇਆ ਹੈ। ਸੱਭਿਅਤਾ ਦੇ ਵਿਕਾਸ ਦੀਆਂ ਮੁੱਢਲੀਆਂ ਮੰਜ਼ਲਾਂ ਵਿਚ ਸਾਰੀਆਂ ਕਲਾਵਾਂ ਆਪਸ ਵਿਚ ਮਿਲੀਆਂ ਹੋਈਆਂ ਸਨ। ਕਿਰਤ ਕਰਨ ਦੇ ਤਰੀਕਿਆਂ ਦਾ ਵਿਕਾਸ ਹੋਇਆ ਅਤੇ ਸਮਾਜਕ ਵਿਭੇਦੀਕਰਣ ਦੀਆਂ ਉੱਨਤ ਹਾਲਤਾਂ ਵੱਲ ਤਬਦੀਲੀ ਦੇ ਨਾਲ ਹੀ ਸੰਗੀਤ, ਵਾਚਿਕ, ਸਾਹਿਤ, ਨ੍ਰਿਤ ਅਤੇ ਅਭਿਨੈ ਅਲੱਗ ਹੋ ਕੇ ਅਲੱਗ-ਅਲੱਗ ਕਲਾ ਵਿਧਾਵਾਂ ਦੇ ਰੂਪ ਵਿਚ ਵਿਕਸਿਤ ਹੁੰਦੇ ਗਏ। ਇਨ੍ਹਾਂ ਦੇ ਅੰਤਰ-ਸੰਬੰਧ ਬਣੇ ਰਹੇ ਪਰ ਉਹ ਵੀ ਉੱਨਤ ਅਤੇ ਸੰਸ਼ਲਿਸ਼ਟ ਹੁੰਦੇ ਗਏ। ਸੰਗੀਤ ਆਪਣੇ ਵਿਕਾਸ ਦੇ ਇਕ ਉੱਚੇਰੇ ਪੜਾਅ

ਵਿਚ ਸ਼ਬਦਾਂ ਤੋਂ ਵੀ ਮੁਕਤ ਹੋ ਗਿਆ। ਨਜ਼ਰੀ ਬਿੰਬ ਵੀ ਅਦਿੱਖ ਹੋ ਗਏ ਅਤੇ ਇਹ ਵਿਧਾ ਸਿਰਫ ਧੁਨੀ-ਬਿੰਬਾਂ ਦੇ ਜ਼ਰੀਏ ਵਿਚਾਰਾਂ-ਭਾਵਨਾਵਾਂ ਦੇ ਸੰਚਾਰ ਵਿਚ ਸਮਰੱਥ ਹੋ ਗਈ। ਨਾਟਕ ਅਤੇ ਸਿਨੇਮਾ ਵਰਗੀਆਂ ਦਿਖਣ ਅਤੇ ਸੁਣਨ ਵਾਲੀਆਂ ਕਲਾ ਵਿਧਾਵਾਂ ਵਿਚ ਅਤੇ ਗੀਤਾਂ ਦੀ ਪੇਸ਼ਕਾਰੀ ਵਿਚ ਜ਼ਰੂਰੀ ਸਹਾਇਕ ਦੇ ਰੂਪ ਵਿਚ ਅਤੇ ਇਕਦਮ ਸੰਸ਼ਲੇਸ਼ਿਤ ਰੂਪ ਵਿਚ ਇਸ ਦੀ ਮੌਜੂਦਗੀ ਬਣੀ ਰਹੀ, ਪਰ ਨਾਲ ਹੀ ਇਸ ਦੀ ਆਪਣੀ ਆਜ਼ਾਦ ਹੋਂਦ ਵੀ ਵਿਕਸਤ ਹੋਈ, ਜਿਥੇ ਮਹਿਜ਼ ਧੁਨੀਆਂ ਦੇ ਸੁਨਿਸ਼ਚਤ 'ਪੈਟਰਨ' ਸਨ, ਮਹਿਜ਼ ਧੁਨੀ-ਬਿੰਬ ਸਨ।

(5) ਸਰਮਾਏਦਾਰੀ ਦਾ ਸੰਸਾਰ ਵਿਆਪੀ ਦਿਓਕੱਦ ਮਨੋਰੰਜਨ ਉਦਯੋਗ ਜੇਕਰ ਅਲੱਗ-ਅਲੱਗ ਦੇਸ਼ਾਂ ਵਿਚੋਂ ਉਥੋਂ ਦੀ ਜਨਤਾ ਦੀ ਸੱਭਿਆਚਾਰਕ ਚੇਤਨਾ ਅਤੇ ਕਲਾਤਮਕ ਬੋਧ ਨੂੰ ਧਿਆਨ ਵਿਚ ਰੱਖ ਕੇ ਲੋਕਪ੍ਰਿਯ ਸੰਗੀਤ ਦਾ ਮਾਲ ਉਤਪਾਦਤ ਕਰਦਾ ਹੈ, ਤਾਂ ਨਾਲ ਹੀ ਇਕ ਖਾਸ ਤਬਕੇ ਦੇ ਬਾਜ਼ਾਰ ਨੂੰ ਦੇਖਦੇ ਹੋਏ, ਸ਼ਾਸਤਰੀ ਸੰਗੀਤ ਦੀ ਪੈਦਾਵਾਰ ਵੀ ਕਰਦਾ ਹੈ। ਮਜ਼ਦੂਰ ਜਮਾਤ ਬਾਜ਼ਾਰ ਦੀ ਦ੍ਰਿਸ਼ਟੀ ਤੋਂ ਨਹੀਂ ਬਲਕਿ ਆਪਣੇ ਹੀ ਉਦੇਸ਼ ਦੇ ਅਲੱਗ-ਅਲੱਗ ਪੱਖਾਂ ਨੂੰ ਧਿਆਨ ਵਿਚ ਰੱਖਦੇ ਹੋਏ ਕਈ ਤਰ੍ਹਾਂ ਦੇ ਸੰਗੀਤ ਦੀ ਸਿਰਜਣਾ ਕਰੇਗੀ (ਅਤੇ ਅਤੀਤ ਵਿਚ ਅਜਿਹਾ ਹੋਇਆ ਵੀ ਹੈ) ਕੁਝ ਉਦਾਹਰਣਾਂ ਤੋਂ ਇਹ ਗੱਲ ਸਪੱਸ਼ਟ ਕੀਤੀ ਜਾ ਸਕਦੀ ਹੈ। ਬੀਥੋਵਨ ਦੀਆਂ ਸਿੰਫਨੀਆਂ 'ਚ ਤੱਤ ਅਤੇ ਬਣਤਰ ਦੀ ਦ੍ਰਿਸ਼ਟੀ ਤੋਂ ਫਰਾਂਸ ਦੇ ਮਹਾਨ ਬੁਰਜੂਆ ਜਮਹੂਰੀ ਇਨਕਲਾਬ ਦੀ ਜੀਵੰਤਤਾ, ਪ੍ਰਚੰਡਤਾ ਤੇ ਆਦਰਸ਼ਾਂ ਦਾ ਜ਼ਬਰਦਸਤ ਪ੍ਰਗਟਾਅ ਸਾਹਮਣੇ ਆਇਆ। ਸਿੰਫਨੀ ਤਾਂ ਸ਼ਾਸਤਰੀ ਵਾਦ-ਸੰਗੀਤ ਦਾ ਰੂਪ ਹੈ, ਜਿੱਥੇ ਕੰਠ ਸੁਰ ਦੀ ਧੁਨੀ ਵੀ ਗ਼ੈਰ-ਹਾਜ਼ਰ ਰਹਿੰਦੀ ਹੈ। ਪ੍ਰਸਿੱਧ ਮਾਰਕਸਵਾਦੀ ਕਲਾ ਚਿੰਤਕ ਜਾਰਜ ਥਾਮਸਨ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ 'ਉਸ ਦਾ (ਯਾਨੀ ਬੀਥੋਵਨ ਦਾ) ਦਵੰਦਵਾਦ ਕਲਾਤਮਕ ਰੂਪ ਵਿਚ 'ਵਿਵਹਾਰਕ ਮਾਨਵੀ ਕਾਰਵਾਈ' ਦੀਆਂ ਅਨੰਤ ਸੰਭਾਵਨਾਵਾਂ ਪੇਸ਼ ਕਰਦਾ ਹੈ। ਇਸ ਪੱਖ ਤੋਂ ਹੀਗਲ ਦੀ ਤਰ੍ਹਾਂ ਉਹ ਵੀ ਮਾਰਕਸ ਦਾ ਪੂਰਵਜ ਸੀ।'

(6) ਹੁਣ ਇਕ ਹੋਰ ਸਪੱਸ਼ਟ ਅਤੇ ਠੋਸ ਉਦਾਹਰਣ ਲਈਏ। ਯੂਰਪ ਦੇ ਇਤਿਹਾਸ ਤੋਂ ਉੱਨੀਵੀਂ ਸਦੀ ਦੇ ਪਿਛਲੇ ਅੱਧ ਵਿਚ ਜਦੋਂ ਜਮਾਤੀ ਸੰਘਰਸ਼ ਦੇ ਰੰਗ ਮੰਚ 'ਤੇ ਮਜ਼ਦੂਰ ਜਮਾਤ ਦੀ ਤੂਫਾਨੀ ਮੌਜੂਦਗੀ ਹਾਕਮ ਜਮਾਤਾਂ ਨੂੰ ਫਿਕਰਾਂ ਵਿਚ ਪਾ ਰਹੀ ਸੀ, ਉਸ ਵੇਲੇ ਪਹਿਲੀ ਵਾਰ 1860-70 ਦੇ ਨੇੜੇ-ਤੇੜੇ ਜਰਮਨੀ ਵਿਚ ਪਹਿਲੀ ਵਾਰ ਮਜ਼ਦੂਰਾਂ ਦੀਆਂ ਗਾਉਣ-ਵਜਾਉਣ ਮੰਡਲੀਆਂ ਹੋਂਦ ਵਿਚ ਆਈਆਂ। ਇਨ੍ਹਾਂ ਸਾਹਮਣੇ ਇਕ ਮੌਜੂਦਾ ਕਾਰਜ ਦਾ ਦਬਾਓ ਸੀ। ਸਮਾਜਵਾਦ ਵਿਰੋਧੀ ਕਾਨੂੰਨਾਂ ਕਾਰਨ ਗੈਰ-ਕਾਨੂੰਨੀ ਸਿਆਸੀ ਸਰਗਰਮੀਆਂ ਲਈ ਇਹ ਪਰਦੇ ਦਾ ਕੰਮ ਕਰਦੀਆਂ ਸਨ। ਨਤੀਜਾ ਇਨ੍ਹਾਂ ਉੱਪਰ ਪੁਲਿਸ ਦਾ ਦਬਾਓ ਵਧ ਗਿਆ ਅਤੇ ਜਥੇਬੰਦੀ ਦੀ ਹਿਫਾਜ਼ਤ ਲਈ ਇਨ੍ਹਾਂ ਨੇ ਜੁਝਾਰੂ ਰੁਖ਼ ਅਪਣਾਇਆ। ਇਨ੍ਹਾਂ ਦੇ ਗੀਤ ਸੱਭਿਆਚਾਰਕ ਸਿਆਸੀ 'ਐਜੀਟੇਸ਼ਨ' ਅਤੇ 'ਪ੍ਰਾਪੇਗੰਡਾ' ਦਾ ਸਾਧਨ ਬਣ ਗਏ। ਹੌਲੀ-ਹੌਲੀ ਮੌਜੂਦਾ ਦਬਾਉ ਦੇ ਸਿੱਟੇ ਦੀ ਬਜਾਏ ਇਹ ਮਜ਼ਦੂਰ

ਜਮਾਤੀ ਗੀਤ ਸੰਗੀਤ ਦਾ ਆਮ ਰੁਝਾਨ ਬਣਦੇ ਚਲੇ ਗਏ। 19ਵੀਂ ਸਦੀ ਦੇ ਅੰਤ ਵਿਚ ਮਜ਼ਦੂਰ ਜਮਾਤੀ ਸੰਗੀਤ ਉਹ ਕਲਾ ਸੀ, ਜਿਸ ਨੂੰ ਜਮਾਤੀ ਤੌਰ ਤੇ ਮਜ਼ਦੂਰ ਆਮ ਆਬਾਦੀ ਦੇ ਸਾਹਮਣੇ ਪੇਸ਼ ਕਰਦਾ ਸੀ, ਉਸ ਦੀ ਮੂਲ ਜਮਾਤੀ ਭਾਵਨਾ ਨੂੰ ਝੰਜੋੜਦਾ ਸੀ ਅਤੇ ਉਨ੍ਹਾਂ ਨੂੰ ਜਮਾਤੀ ਸੰਘਰਸ਼ ਵਿਚ ਹਿੱਸੇਦਾਰੀ ਲਈ ਜਾਗ੍ਰਿਤ ਕਰਦਾ ਸੀ, ਪਰ ਅਜੇ ਇਹ ਮਜ਼ਦੂਰ ਜਮਾਤ ਦੀ ਪ੍ਰਗਤੀਸ਼ੀਲ ਇਤਿਹਾਸ ਦ੍ਰਿਸ਼ਟੀ ਅਤੇ ਵਿਚਾਰਾਂ ਨਾਲ ਲੈਸ ਨਹੀਂ ਸੀ। ਇਹ ਯੋਜਨਾਬੱਧ ਪ੍ਰਚਾਰ ਕਾਰਵਾਈ ਤੋਂ ਪਹਿਲਾਂ ਦਾ ਕਦਮ ਸੀ। ਉਨੀਵੀਂ ਸਦੀ ਦੇ ਮੱਧ ਵਿਚ ਯੂਰਪੀ-ਬੁਰਜੂਆ ਸੰਗੀਤ ਦੇ ਸੰਕਟ ਦੇ ਜੋ ਲੱਛਣ ਸਤ੍ਹਾ ਉੱਪਰ ਦਿਖੇ ਸਨ, ਉਹ ਸਦੀ ਦੇ ਅੰਤ ਤੱਕ ਸਪੱਸ਼ਟ ਪਤਨਸ਼ੀਲਤਾ ਦੇ ਲੱਛਣ ਬਣ ਚੁੱਕੇ ਸਨ। ਬੁਰਜੂਆ ਸੰਗੀਤ ਦੀ ਦੁਨੀਆ ਦੇ ਕੁਝ ਉਪਚਾਰਕ ਸਿੱਖਿਆ ਪ੍ਰਾਪਤ ਲੋਕਾਂ ਦੀ ਚੇਤਨਾ ਵੀ 'ਰੈਡੀਕਲਾਈਜ਼' ਹੋ ਕੇ ਪ੍ਰਬੰਧ ਵਿਰੋਧੀ ਬਣ ਰਹੀ ਸੀ ਅਤੇ ਉਹ ਆਪ ਮਿਹਨਤਕਸ਼ ਆਬਾਦੀ ਨਾਲ ਜੁੜ ਰਹੇ ਸਨ। ਅਜਿਹੇ ਵਿਚ ਇਕ ਸੁਧਾਰਵਾਦੀ ਸੋਚ ਵੀ ਆਮ ਲੋਕਾਂ ਦੀ ਕਲਾ ਦੇ ਉੱਚਾ ਚੁੱਕਣ ਦੇ ਨਾਂਅ 'ਤੇ ਪੈਦਾ ਹੋਈ, ਉਹ ਸੀ ਜਾਗੀਰਦਾਰੀ ਅਤੇ ਬੁਰਜੂਆਜ਼ੀ ਦੇ ਸੰਗੀਤ ਉੱਪਰ ਮਜ਼ਦੂਰਾਂ ਦੁਆਰਾ ਅਧਿਕਾਰ ਕਰ ਲੈਣ ਦੀ ਸੋਚ। ਇਸੇ ਦਰਮਿਆਨ ਰੂਸ ਵਿਚ ਅਕਤੂਬਰ ਇਨਕਲਾਬ ਹੋਇਆ, ਪਰ ਯੂਰਪ ਦੀ ਮਜ਼ਦੂਰ ਲਹਿਰ 'ਤੇ ਇਸ ਦਾ ਜ਼ਬਰਦਸਤ ਪ੍ਰਭਾਵ ਪਿਆ ਅਤੇ 1930 ਦੇ ਦਹਾਕੇ ਵਿਚ ਚੜ੍ਹ ਆਈ ਮਹਾਂਮੰਦੀ ਦੇ ਕਹਿਰ ਨੇ ਪੱਛਮ ਨੂੰ ਜੜਾਂ ਤੱਕ ਝੰਜੋੜ ਦਿੱਤਾ। ਪਿਛਲੀ ਸਦੀ ਦੇ ਤੀਜੇ-ਚੌਥੇ ਦਹਾਕੇ ਵਿਚ ਵਿਗਿਆਨਕ ਸਮਾਜਵਾਦੀ ਵਿਚਾਰਧਾਰਾ ਨਾਲ ਲੈਸ ਮਜ਼ਦੂਰ ਜਮਾਤੀ ਸੰਗੀਤ ਦਾ ਬਹੁਪੱਖੀ-ਬਹੁਰੂਪੀ ਵਿਕਾਸ ਅਤਿ ਤੇਜ਼ ਗਤੀ ਨਾਲ ਹੋਇਆ। ਸੋਵੀਅਤ ਸੰਘ ਵਿਚ ਵੀ ਅਤੇ ਯੂਰਪ ਅਤੇ ਅਮਰੀਕਾ ਵਿਚ ਵੀ। ਇਹ ਉਹ ਦੌਰ ਸੀ ਜਦੋਂ ਸਮੂਹ ਗੀਤਾਂ, ਮਾਰਚਿੰਗ ਗੀਤਾਂ ਅਤੇ ਜਾਗ੍ਰਤੀ ਮੂਲਕ, ਸਿੱਖਿਆ ਮੂਲਕ, ਪ੍ਰਚਾਰ ਮੂਲਕ ਗੀਤਾਂ ਨਾਲ ਹੀ ਮਜ਼ਦੂਰ ਜਮਾਤ ਦੇ ਸੰਗੀਤਕਾਰਾਂ ਨੇ ਗਣ ਸੰਗੀਤ, ਬਹੁਸੁਰੀ ਕੋਰਸ ਰਚਨਾਵਾਂ, ਆਰਕੇਸਟਰਾ ਸੰਗੀਤ, ਓਪੇਰਾ ਸੰਗੀਤ ਅਤੇ ਨਾਟ ਸੰਗੀਤ ਰਚਿਆ। ਲੋਕਪ੍ਰਿਯ ਦੇ ਨਾਲ ਹੀ ਮਜ਼ਦੂਰ ਜਮਾਤ ਦਾ ਅਮੂਰਤ, ਸ਼ਾਸਤਰੀ ਸੰਗੀਤ ਵੀ ਵਿਕਸਿਤ ਹੋਇਆ। ਹਜ਼ਾਰਾਂ-ਹਜ਼ਾਰ ਦੀ ਗਿਣਤੀ ਵਿਚ ਆਮ ਮਜ਼ਦੂਰ ਆਬਾਦੀ ਉੱਨਤ ਪੱਧਰ ਦੀਆਂ ਬਹੁਸੁਰੀ ਕੋਰਸ ਰਚਨਾਵਾਂ ਅਤੇ ਅਮੂਰਤ ਆਰਕੇਸਟਰਾਂ ਸੰਗੀਤ ਨੂੰ ਵੀ ਸੁਣਦੀ ਅਤੇ ਸਰਾ ਹੁੰਦੀਂ ਸੀ। ਇਹੀ ਨਹੀਂ, ਸੋਵੀਅਤ ਸੰਘ ਵਿਚ ਤਾਂ ਬੁਰਜੂਆ ਜਮਹੂਰੀ ਇਨਕਲਾਬ ਦੇ ਦੌਰ ਦਾ ਜੋ ਇਨਕਲਾਬੀ ਬੁਰਜੂਆ ਸੰਗੀਤ ਸੀ, ਉਨ੍ਹਾਂ ਕਲਾਸਕੀ ਰਚਨਾਵਾਂ ਦਾ ਵੀ ਇਕ ਵਿਆਪਕ ਸਰੋਤਾ ਵਰਗ ਇਕਦਮ ਆਮ ਮਿਹਨਤਕਸ਼ ਆਬਾਦੀ ਵਿਚੋਂ ਸਾਹਮਣੇ ਆਇਆ। ਤੀਜੇ-ਚੌਥੇ ਦਹਾਕੇ ਦੇ ਮਜ਼ਦੂਰ ਜਮਾਤੀ ਸੰਗੀਤ ਦੇ ਪ੍ਰਤੀਨਿਧੀਆਂ ਵਿਚੋਂ ਕੁਝ ਆਧੁਨਿਕ ਬੁਰਜੂਆ ਸੰਗੀਤ ਦੇ ਘੇਰੇ ਵਿਚੋਂ ਆਏ ਸਨ ਅਤੇ ਕੁਝ ਮਜ਼ਦੂਰ ਪਿਛੋਕੜਾਂ ਤੋਂ। ਕੁਝ ਗਾਉਣ-ਵਜਾਉਣ ਟੋਲੀਆਂ, ਸਾਜ ਵਜਾਉਣ ਵਾਲੀਆਂ ਟੋਲੀਆਂ ਮਜ਼ਦੂਰਾਂ ਦੀਆਂ ਸਨ ਅਤੇ ਕੁਝ ਉਨ੍ਹਾਂ ਇਨਕਲਾਬੀ ਬੁੱਧੀਜੀਵੀਆਂ ਦੀਆਂ, ਜਿਨ੍ਹਾਂ ਦੀ ਪ੍ਰਤੀਬੱਧਤਾ ਮਾਰਕਸਵਾਦ ਅਤੇ ਮਜ਼ਦੂਰ ਇਨਕਲਾਬ ਦੇ ਨਾਲ ਸੀ। ਮਹਾਨ ਪ੍ਰੋਲੇਤਾਰੀ

ਸੰਗੀਤ ਸਿਰਜਕ ਅਤਸਿਧਾਂਤਕਾਰ ਦੇ ਰੂਪ ਵਿਚ ਹਾਂਸ ਆਈਸਲਰ ਅਤੇ ਮਜ਼ਦੂਰ ਜਮਾਤ ਦੇ ਸ਼ਾਸਤਰੀ ਸੰਗੀਤ ਦੇ ਮਹਾਨ ਕਾਢਕਾਰ ਸ਼ਾਸਤਾਕੋਵਿਚ ਦੇ ਨਾਂਅ ਤਾਂ ਕਾਫੀ ਪ੍ਰਸਿੱਧ ਹਨ। ਇਸ ਦੇ ਇਲਾਵਾ ਹੋਰ ਵੀ ਸਨ। ਜੈਕਬ ਸ਼ੇਫਰ, ਕਾਪਲੈਂਡ, ਰਿਏਗਰ, ਸੀਗਰ, ਸਵਿਸ਼ਟ, ਕਾਵੇਲ (ਅਮਰੀਕਾ), ਏਲਨ ਬੁਸ਼ (ਇੰਗਲੈਂਡ), ਦਾਰਿਅਸ, ਮਿਲਹੌਦ, ਹੋਨੇਗਰ (ਫਰਾਂਸ), ਐਲੋਇਸਰਾਬਾ, ਏਰਵਿਨ ਸ਼ੁਲਹਾਫ (ਚੈਕੋਸਲੋਵਾਕੀਆ), ਫੋਰੇਕ ਸਾਬੋ (ਹੰਗਰੀ) ਅਤੇ ਮਾਰਟੇਨਸਨ (ਡੈਨਮਾਰਕ) ਆਦਿ ਦੇ ਨਾਂਅ ਖਾਸ ਤੌਰ ’ਤੇ ਚੇਤੇ ਰੱਖਣ ਯੋਗ ਹਨ।

(7) ਦੁਬਾਰਾ ਉੱਥੇ ਹੀ ਵਾਪਸ ਆਈਏ, ਜਿੱਥੋਂ ਅਸੀਂ ਇਸ ਪ੍ਰਸੰਗ ਤੱਕ ਆ ਨਿੱਕਲੇ ਸੀ। ਗੱਲ ਸ਼ਬਦ ਆਧਾਰਤ ਅਤੇ ਸੁਰ ਆਧਾਰਤ ਦੀ ਨਹੀਂ ਹੈ। ਇਹ ਸੋਚ ਬਚਕਾਨੀ ਹੋਵੇਗੀ ਕਿ ਮਜ਼ਦੂਰ ਜਮਾਤੀ ਸੰਗੀਤ ਕੇਵਲ ਸੁਗਮ, ਲੋਕਪ੍ਰਿਯ (ਪਾਪੂਲਰ ਦੇ ਅਰਥਾਂ ਵਿਚ) ਸੰਗੀਤ ਹੋਵੇਗਾ। ਉਸ ਦੀ ਕੋਈ ਧਾਰਾ–ਉਪਧਾਰਾ ਅਮੂਰਤਨ ਦੀ ਦਿਸ਼ਾ ਵਿਚ ਅੱਗੇ ਵਿਕਸਤ ਹੀ ਨਹੀਂ ਹੋਵੇਗੀ। ਮਜ਼ਦੂਰ ਜਮਾਤ ਦਾ ਆਪਣਾ ਸ਼ਾਸਤਰੀ ਸੰਗੀਤ ਹੋਏਗਾ ਹੀ ਨਹੀਂ। ਸਿਧਾਂਤਕ ਤੌਰ ’ਤੇ ਇਹ ਧਾਰਨਾ ਗਲਤ ਹੈ ਹੀ, ਇਤਹਾਸ ਵੀ ਪਹਿਲਾਂ ਹੀ ਇਸ ਨੂੰ ਰੱਦ ਕਰ ਚੁੱਕਿਆ ਹੈ। ਉਮੀਦ ਹੀ ਨਹੀਂ, ਵਿਸ਼ਵਾਸ ਕੀਤਾ ਜਾਣਾ ਚਾਹੀਦਾ ਹੈ ਕਿ ਭਵਿੱਖ ਵਿਚ ਮਜ਼ਦੂਰ ਜਮਾਤ ਦਾ ਆਪਣਾ ‘ਨਿਰਪੇਖ’ ਸੰਗੀਤ, ਅਮੂਰਤ ਸੰਗੀਤ ਜਾਂ ਸ਼ਾਸਤਰੀ ਸੰਗੀਤ ਵੀ ਵਿਕਸਤ ਹੋਏਗਾ ਬਲਕਿ ਇਹ ਕਹਿਣਾ ਵਧੇਰੇ ਠੀਕ ਰਹੇਗਾ ਕਿ ਇਕ ਵਾਰ ਫਿਰ ਵਿਕਸਤ ਹੋਵੇਗਾ। ਅਜੇ ਤੱਕ ਭਾਰਤ ਵਿਚ ਨਹੀਂ ਹੋਇਆ ਹੈ, ਪਰ ਇੱਥੇ ਵੀ ਹੋਏਗਾ, ਕਰਨਾ ਹੋਏਗਾ।

(8) ਸਾਡੇ ਦੇਸ਼ ਵਿਚ ਜਮਹੂਰੀ ਗੀਤਾਂ ਦੇ ਗਾਉਣ ਲਈ ਲੋਕ ਗੀਤਾਂ ਤੋਂ ਆਮ ਤੌਰ ’ਤੇ ਧੁਨਾਂ ਉਧਾਰ ਲਈਆਂ ਜਾਂਦੀਆਂ ਹਨ। ਲੋਕਾਂ ਦਾ ਇਨਕਲਾਬੀ ਸੰਗੀਤ ਜਾਂ ਗਣ ਸੰਗੀਤ, ਲੋਕ ਸੰਗੀਤ ਤੋਂ ਬਿਨਾਂ ਕਿਸੇ ਆਲੋਚਨਾਤਮਕ ਵਿਵੇਕ ਦੇ ਕਾਫੀ ਕੁਝ ਜਿਉਂ ਦਾ ਤਿਉਂ ਲੈ ਲੈਂਦਾ ਹੈ। ਇਸ ਦੇ ਪਿੱਛੇ ਇਹ ਸੋਚ ਕੰਮ ਕਰਦੀ ਹੈ ਕਿ ਕਿਉਂਕਿ ਲੋਕ ਗੀਤਾਂ ਦੀ ਰਚੇਤਾ ਜਨਤਾ ਹੈ, ਉਹ ਲੋਕਜੀਵਨ ਤੋਂ ਉਪਜੇ ਹਨ, ਸਦੀਆਂ ਤੋਂ ਉਹ ਲੋਕ ਮਨਾਂ ਵਿਚ ਰਚੇ ਬਸੇ ਹਨ ਅਤੇ ਮਿਹਨਤਕਸ਼ ਲੋਕ ਅੱਜ ਵੀ ਉਨ੍ਹਾਂ ਨੂੰ ਖੂਬ ਸੁਣਦੇ ਅਤੇ ਗਾਉਂਦੇ ਹਨ, ਇਸੇ ਲਈ ਉਨ੍ਹਾਂ ਦੇ ਰੂਪ ਨੂੰ ਲੈ ਕੇ ਉਨ੍ਹਾਂ ਦੇ ਵਿਚ ਨਵਾਂ ਇਨਕਲਾਬੀ ਤੱਤ ਭਰ ਦੇਣ ਨਾਲ ਸਾਡਾ ਕੰਮ ਸਰ ਜਾਵੇਗਾ। ਇਹ ਸੋਚ ਅਵਿਗਿਆਨਕ ਅਤੇ ਅਣਇਤਿਹਾਸਕ ਹੈ। ਹਾਂਸ ਆਈਸਲਰ ਨੇ ਇਸ ਵਿਸ਼ੇ ਉੱਪਰ ਬਹੁਤ ਸੁੰਦਰ ਢੰਗ ਨਾਲ ਰੋਸ਼ਨੀ ਪਾਈ ਹੈ। ਲੋਕ ਗੀਤਾਂ ਦਾ ਜਨਮ ਆਦਮ ਆਰਥਕ ਸਮਾਜਕ ਹਾਲਤਾਂ ਵਿਚ ਅਤੇ ਫਿਰ ਪੂਰਵ–ਪੂੰਜੀਵਾਦੀ ਖੇਤੀ ਅਰਥਚਾਰੇ ਵਾਲੇ ਸਮਾਜਾਂ ਵਿਚ ਹੋਇਆ ਸੀ। ਜਿਵੇਂ ਜੋ ਆਦਿਵਾਸੀਆਂ ਦੇ ਗੀਤ ਹਨ, ਉਨ੍ਹਾਂ ਵਿਚ ਆਦਮ ਸਮਾਜ ਦੀ ਵਰਗ ਵਿਹੀਣਤਾ ਦੀ ਗਤੀ ਅਤੇ ਤਾਕਤ ਹੈ, ਸਮੂਹਕ ਸਿਰਜਣਾ ਦੀ ਤਾਕਤ ਹੈ। ਜਮਾਤੀ ਸਮਾਜ ਦੇ ਦਾਬੇ ਅਤੇ ਅਲਿਹਦਗੀ ਤੋਂ ਦੂਰ ਉਹ ਸਾਨੂੰ ਸਮੂਹਿਕ ਜੀਵਨ ਦੀ ਸ਼ਕਤੀ ਤੋਂ ਜਾਣੂ ਕਰਵਾਉਂਦੇ ਹਨ। ਇਕ ਹੱਦ ਤੱਕ ਵਿਦਰੋਹ ਦੇ ਲਈ ਉਕਸਾਉਂਦੇ ਹਨ ਅਤੇ ਰਾਹਤ ਦਿੰਦੇ ਹਨ। ਪਰ ਉਨ੍ਹਾਂ ਵਿਚ ਆਦਮ ਯੁਗੀਨ ਜਾਦੂਈ ਸੰਸਾਰ ਦ੍ਰਿਸ਼ਟੀ ਅਤੇ ਕਰਮਕਾਂਡ ਦੇ ਤੱਤ ਵੀ ਹਨ। ਇਸੇ ਤਰ੍ਹਾਂ ਕਿਸਾਨਾਂ ਦੇ ਲੋਕ ਗੀਤ ਹਨ

ਜੋ ਕਈ ਤਰ੍ਹਾਂ ਦੇ ਹਨ। ਕਿਸਾਨੀ ਜੀਵਨ ਦੇ ਸਹਿਜ ਚਿੱਤਰਾਂ ਵਾਲੇ ਗੀਤ ਹਨ। ਨਿਰਗੁਣ ਭਗਤੀ ਅੰਦੋਲਨ ਦੇ ਅਤੇ ਸੂਫੀਆਂ ਦੇ ਉਹ ਗੀਤ ਹਨ, ਜਿਨ੍ਹਾਂ ਦੇ ਤੱਤ ਅਤੇ ਧੁਨਾਂ ਵਿਚ ਜੇਕਰ ਕਿਤੇ ਜਗੀਰੂ ਪ੍ਰੰਪਰਾਵਾਂ ਅਤੇ ਮੁੱਲਾਂ ਦੇ ਪ੍ਰਤੀ ਵਿਦਰੋਹ ਦੇ ਸੁਰ ਹਨ ਤੇ ਕਿਤੇ ਹਾਰ ਦੀ ਉਦਾਸੀ ਤੋਂ ਉਪਜੀ ਨਿਰਾਸ਼ਾ, ਆਤਮਲੀਨਤਾ, ਸੰਸਾਰ ਤੋਂ ਦੂਰੀ ਅਤੇ ਰਹੱਸਵਾਦ ਦੇ ਤੱਤ ਵੀ ਹਨ। ਇਨ੍ਹਾਂ ਵਿਚ 'ਤੱਤ' ਅਤੇ 'ਰੂਪ' ਦੀ ਸਾਪੇਖਕ ਇਕਰੂਪਤਾ ਹੁੰਦੀ ਹੈ। ਇਸ ਤਰ੍ਹਾਂ ਨਾਲ ਨਾਵਿਕਾਂ ਦੇ, ਪਾਲਕੀ ਢੋਣ ਵਾਲਿਆਂ ਦੇ, ਕੁਦਰਤੀ ਅਰਥ ਵਿਵਸਥਾ ਨਾਲ ਜੁੜੇ ਅਲੱਗ-ਅਲੱਗ ਧੰਦੇ ਵਾਲਿਆਂ ਦੇ ਅਤੇ ਦਸਤਕਾਰਾਂ ਦੇ ਗੀਤ ਹਨ। ਔਰਤਾਂ ਦੀਆਂ ਜੀਵਨ ਹਾਲਤਾਂ ਦਾ ਸਜੀਵ ਚਿੱਤਰ ਪੇਸ਼ ਕਰਨ ਵਾਲੇ ਗੀਤ ਹਨ। ਇਹੀ ਨਹੀਂ ਕਿਸਾਨ ਸੰਘਰਸ਼ਾਂ ਦੇ ਦੌਰਾਂ ਦੇ ਗੀਤ ਹਨ (ਅਜਿਹੇ ਕੁਝ ਗੀਤ 1857 ਦੇ ਮਹਾਨ ਲੋਕ ਵਿਦਰੋਹ ਤੱਕ ਦੇ ਹਨ) ਜੋ ਆਪਣੇ ਸਮੇਂ ਦੇ ਅਸਲੀ ਇਨਕਲਾਬੀ ਲੋਕ ਸੰਗੀਤ ਦੇ ਵਾਹਕ ਹਨ, ਪ੍ਰੰਤੂ ਸਾਨੂੰ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਜੋ ਚੀਜ਼ ਆਪਣੇ ਸਮੇਂ ਵਿਚ ਇਨਕਲਾਬੀ ਸੀ, ਉਹ ਹਮੇਸ਼ਾ ਲਈ ਇਨਕਲਾਬੀ ਨਹੀਂ ਹੋ ਸਕਦੀ। ਪੁਰਾਣੇ ਜ਼ਮਾਨੇ ਦੇ ਇਨਕਲਾਬੀ ਰੂਪ ਵਿਚ ਜੇਕਰ ਨਵੇਂ ਜ਼ਮਾਨੇ ਦਾ ਇਨਕਲਾਬੀ ਤੱਤ ਪੇਸ਼ ਕੀਤਾ ਜਾਵੇਗਾ ਤਾਂ ਉਸ ਦਾ ਪ੍ਰਭਾਵ ਜ਼ਰੂਰ ਹੀ ਮਰੇਗਾ। ਜਨਤਾ ਉਸ ਰੂਪ ਤੇ ਗ਼ੌਰ ਕਰੇਗੀ ਜੋ ਸਦੀਆਂ ਤੋਂ ਉਸ ਦੇ ਸੰਸਕਾਰਾਂ ਵਿਚ ਰਚਿਆ ਬਸਿਆ ਹੈ ਅਤੇ ਨਵੇਂ ਇਨਕਲਾਬੀ ਤੱਤ ਦੀ ਜਗ੍ਹਾ ਯਾਦਾਂ ਦੇ ਸਹਾਰੇ ਉਸੇ ਤੱਤ ਨੂੰ ਯਾਦ ਕਰੇਗੀ, ਜਿਸ ਨੂੰ ਉਸ ਰੂਪ ਵਿਚ ਸੁਣਦੀ ਆਈ ਹੈ। ਅਜਿਹੇ ਗੀਤ ਉਸ ਨੂੰ ਸਹਿਜ ਸਵੀਕਾਰ ਅਤੇ ਪਸੰਦ ਹੋਣਗੇ ਪਰ ਆਪਣੇ ਤੱਤ ਦੀ ਵਜ੍ਹਾ ਕਰਕੇ ਨਹੀਂ, ਸਗੋਂ ਆਪਣੇ ਰੂਪ ਦੀ ਵਜ੍ਹਾ ਕਰਕੇ। ਸਾਨੂੰ ਇਹ ਸਮਝਣਾ ਹੋਵੇਗਾ ਕਿ ਪੂੰਜੀਵਾਦੀ ਸਮਾਜ ਲੋਕ ਗੀਤਾਂ ਦੇ ਪੈਦਾ ਹੋਣ ਦੀ ਜ਼ਮੀਨ ਨਹੀਂ ਹੈ। ਜਿਸ ਤਰ੍ਹਾਂ ਦਸਤਕਾਰੀ, ਕਾਸ਼ਤਕਾਰੀ, ਪੇਂਡੂ ਭਾਈਚਾਰਾ, ਕੁਦਰਤੀ ਅਰਥਚਾਰੇ ਆਧਾਰਤ ਸਮਾਜਾਂ ਦੀ ਰਾਗਾਤਮਕਤਾ ਬੀਤੇ ਜ਼ਮਾਨੇ ਦੀਆਂ ਚੀਜ਼ਾਂ ਹਨ ਅਤੇ ਮਰਦੀਆਂ ਜਾ ਰਹੀਆਂ ਹਨ, ਉਸੇ ਤਰ੍ਹਾਂ ਲੋਕ ਸੰਗੀਤ ਵੀ ਮਰ ਰਿਹਾ ਹੈ। ਉਸ ਦੀ ਜਗ੍ਹਾ 'ਤੇ ਲੋਕ ਗੀਤਾਂ ਨੇ ਹੋਣਾ ਹੈ, ਗਣ ਸੰਗੀਤ ਨੇ ਹੋਣਾ ਹੈ।

(9) ਅਸੀਂ ਇਹ ਨਹੀਂ ਕਹਿੰਦੇ ਕਿ ਲੋਕ ਗੀਤਾਂ ਅਤੇ ਲੋਕ ਸੰਗੀਤ ਤੋਂ ਕੁਝ ਲਿਆ ਨਹੀਂ ਨਹੀਂ ਜਾ ਸਕਦਾ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਨਕਲੀ ਲੋਕ ਗੀਤਾਂ ਨੂੰ ਸਿਰੇ ਤੋਂ ਖਾਰਜ ਕਰਨਾ ਹੋਵੇਗਾ, ਜੋ ਅਸਲੀ ਲੋਕ ਗੀਤਾਂ ਤੋਂ ਮੁਹਾਵਰੇ ਅਤੇ ਸ਼ੈਲੀ ਉਧਾਰ ਲੈਂਦੇ ਹਨ ਅਤੇ ਉਨ੍ਹਾਂ ਨੂੰ ਬੇਢੰਗਾ ਬਣਾ ਕੇ ਪੇਸ਼ ਕਰਦੇ ਹਨ। ਇਹ ਨਕਲੀ ਲੋਕ ਗੀਤ ਬੁਰਜੂਆ ਮਨੋਰੰਜਨ ਉਦਯੋਗ ਦੇ ਉਤਪਾਦ ਹਨ ਅਤੇ ਅਖੌਤੀ 'ਮਾਸ ਕਲਚਰ' ਜਾਂ 'ਪਾਪੂਲਰ ਕਲਚਰ' ਦੇ ਅੰਗ ਹਨ। ਜਿਥੋਂ ਤੱਕ ਅਸਲੀ ਲੋਕ ਗੀਤਾਂ ਦਾ ਸਵਾਲ ਹੈ, ਉਨ੍ਹਾਂ ਵਿਚ ਵੀ ਕੁਝ ਚੰਗੇ ਹਨ ਅਤੇ ਕੁਝ ਬੁਰੇ। ਅਤੀਤ ਦੇ ਵਿਦਰੋਹੀ ਲੋਕ ਗੀਤਾਂ ਤੋਂ ਸੰਘਰਸ਼ ਅਤੇ ਪਿਆਰ ਦੇ ਗੀਤਾਂ ਤੋਂ ਬਹੁਤ ਕੁਝ ਲਿਆ ਜਾ ਸਕਦਾ ਹੈ। ਕੰਮ ਦੌਰਾਨ ਗਾਏ ਜਾਣ ਵਾਲੇ ਕਿਰਤ ਗੀਤਾਂ ਤੋਂ ਕਾਫੀ ਕੁਝ ਲਿਆ ਜਾ ਸਕਦਾ ਹੈ, ਪਰ ਸਖਤ ਛਾਣਬੀਣ ਵਾਲੇ ਆਲੋਚਨਾਤਮਕ ਵਿਵੇਕ ਦੇ ਇਸਤੇਮਾਲ ਤੋਂ ਬਾਅਦ ਹੀ। ਸਾਡੇ ਸਮੇਂ ਤੇ ਸੰਘਰਸ਼ ਦਾ ਤੱਤ ਜਦੋਂ ਸੰਗੀਤ ਵਿਚ ਢਲੇਗਾ, ਤਾਂ ਉਸ ਦਾ

ਆਪਣਾ ਹੀ ਰੂਪ ਹੋਵੇਗਾ। ਯਾਦਾਂ ਤੋਂ ਲੈਣਾ-ਦੇਣਾ ਹੁੰਦਾ ਰਹਿੰਦਾ ਹੈ, ਪਰ ਯਾਦਾਂ ਸੁਫਨਿਆਂ ਦਾ ਵਿਕਲਪ ਨਹੀਂ ਹੁੰਦੀਆਂ। ਮਜ਼ਦੂਰ ਜਮਾਤ ਭਵਿੱਖ ਦੀ ਕਵਿਤਾ ਦੀ ਰਚਨਹਾਰੀ ਹੈ, 'ਅਤੀਤ ਦੀ ਕਵਿਤਾ' ਦੀ ਨਹੀਂ। ਸੰਗੀਤ ਦੇ ਖੇਤਰ ਵਿਚ ਵੀ ਇਸ ਸੂਤਰ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ। ਮਹਾਂਕਾਵਿ ਦੀ ਵੀ ਨਕਲ ਕੀਤੀ ਜਾਵੇ, ਤਾਂ ਭੰਡ ਚਿੱਤਰ ਹੀ ਜਨਮ ਲਵੇਗਾ। ਬੱਚੇ ਦੇ ਕੁਦਰਤੀ ਭੋਲੇਪਣ ਦੀ ਨਕਲ ਕੀਤੀ ਜਾਵੇ, ਤਾਂ ਬਚਪਨਾ ਹੀ ਹੋਏਗਾ। ਇਨਕਲਾਬੀ ਲੋਕ ਗੀਤਾਂ ਦੀਆਂ ਧੁਨਾਂ ਤੋਂ ਛਾਂਟ ਕੇ ਵੱਖਰਾ ਕਰਕੇ ਕੁਝ ਬਣਤਰੀ ਤੱਤਾਂ ਨੂੰ ਲਿਆ ਜਾ ਸਕਦਾ ਹੈ ਪਰ ਉਨ੍ਹਾਂ ਦੀ ਹੂ-ਬ-ਹੂ ਵਰਤੋਂ ਨਹੀਂ ਕੀਤੀ ਜਾ ਸਕਦੀ, ਪਰ ਮੰਦੇ ਭਾਗਾਂ ਨੂੰ ਸਾਡੇ ਦੇਸ਼ ਵਿਚ ਪੁਰਾਣੇ ਲੋਕ ਗੀਤਾਂ ਦੀ 'ਪੈਰੋਡੀ' ਜਾਂ ਨਕਲ ਪ੍ਰਗਤੀਸ਼ੀਲ ਸੱਭਿਆਚਾਰਕ ਅੰਦੋਲਨ ਵਿਚ ਖੂਬ ਕੀਤੀ ਜਾਂਦੀ ਰਹੀ ਹੈ। ਤੁਸੀਂ ਪੰਜਾਬ ਦੇ ਇਨਕਲਾਬੀ ਲੋਕ ਗੀਤਾਂ ਨੂੰ ਸੁਣੋ। ਆਮ ਤੌਰ 'ਤੇ ਉਨ੍ਹਾਂ ਦੀਆਂ ਧੁਨਾਂ ਪੂਰਵ-ਪੂੰਜੀਵਾਦੀ ਜਾਂ ਮੱਧਯੁਗੀਨ ਸਮਾਜ ਦੇ ਕਿਸਾਨੀ ਜੀਵਨ ਤੋਂ ਉਪਜੀਆਂ ਧੁਨਾਂ ਹਨ। ਜਨਤਾ ਉਨ੍ਹਾਂ ਤੋਂ ਜਾਣੂ ਹੈ, ਇਸ ਲਈ ਪਸੰਦ ਕਰਦੀ ਹੈ। ਭੁਲੇਖੇ ਵੱਸ ਸੱਭਿਆਚਾਰਕ ਕਾਮੇ ਉਸ ਨੂੰ ਆਪਣੇ 'ਮੈਸੇਜ' ਦੀ ਪਕੜ ਸਮਝਦੇ ਹਨ। ਗੋਰਖ ਪਾਂਡੇ ਦੇ ਭੋਜਪੁਰੀ ਗੀਤਾਂ ਵਿਚ ਨਿਰਗੁਣ, ਸੋਹਰ, ਪਚਰਾ ਆਦਿ ਦੀਆਂ ਧੁਨਾਂ ਨੂੰ ਬਿਲਕੁਲ ਹੀ ਅਣਆਲੋਚਨਾਤਮਕ ਢੰਗ ਨਾਲ ਅਪਣਾਇਆ ਜਾਂਦਾ ਹੈ। ਉਨ੍ਹਾਂ ਨੂੰ ਉਸੇ ਰੂਪ ਵਿਚ ਗਾਇਆ ਜਾਂਦਾ ਹੈ ਅਤੇ ਜਦ ਜਨਤਾ ਉਨ੍ਹਾਂ ਨੂੰ ਮਗਨ ਹੋ ਕੇ ਸੁਣਦੀ ਹੈ ਤਾਂ ਖੂਬ ਖੁਸ਼ ਹੋਇਆ ਜਾਂਦਾ ਹੈ। ਆਂਧਰਾ ਪ੍ਰਦੇਸ਼ ਵਿਚ ਗਦਰ ਦੀ ਟੋਲੀ ਦੇ ਗੀਤਾਂ ਦਾ ਆਵੇਗ ਅਤੇ ਜੁਝਾਰੂਪਣ ਸਰੋਤਿਆਂ ਨੂੰ ਇਕਦਮ ਬੰਨ੍ਹ ਲੈਂਦਾ ਹੈ। ਭਾਵਾਵੇਗ ਨਾਲ ਭਰ ਦਿੰਦਾ ਹੈ। ਪਰ ਇਨ੍ਹਾਂ ਗੀਤਾਂ ਦੀ ਖਿੱਚ ਵਿਚ ਅਤੀਤ ਦੀ ਪੁਕਾਰ ਹੈ। ਇਨ੍ਹਾਂ ਗੀਤਾਂ ਦੀਆਂ ਧੁਨਾਂ ਦਾ ਸਰੂਪ ਆਮ ਤੌਰ 'ਤੇ ਆਦਮ ਜਨਜਾਤੀਆਂ ਦੇ ਜਮਾਤ ਰਹਿਤ ਭਾਈਚਾਰਕ ਸਮਾਜ ਦੀਆਂ ਧੁਨਾਂ ਹਨ। ਉਨ੍ਹਾਂ ਨੂੰ ਹੂ-ਬ-ਹੂ ਲੈ ਲਿਆ ਗਿਆ ਹੈ ਜਾਂ ਫਿਰ ਮੱਧਯੁੱਗੀ ਕਿਸਾਨ ਅਰਥਚਾਰੇ 'ਤੇ ਆਧਾਰਿਤ ਜੀਵਨ ਅਤੇ ਉਸ ਦੇ ਸੰਘਰਸ਼ ਦੀਆਂ ਧੁਨਾਂ ਹਨ। ਜਨਤਾ ਇਨ੍ਹਾਂ ਨੂੰ ਬਹੁਤ ਪਸੰਦ ਕਰਦੀ ਹੈ, ਪਰ ਆਪਣੀ ਆਦਤ ਅਤੇ ਸੰਸਕਾਰ ਕਾਰਨ। ਇਹ ਗੀਤ ਅਸਲ ਵਿਚ ਗੁਆਚੇ ਹੋਏ ਅਤੀਤ ਦੀ ਮੁੜ ਪ੍ਰਾਪਤੀ ਲਈ ਸੰਘਰਸ਼ ਦਾ ਸੱਦਾ ਬਣ ਜਾਂਦੇ ਹਨ ਨਾ ਕਿ ਨਵਾਂ ਭਵਿੱਖ ਰਚਣ ਦਾ। ਤੱਤ ਜੇਕਰ ਨਵਾਂ ਅਤੇ ਸਹੀ ਵੀ ਹੋਵੇ ਤਾਂ ਵੀ ਪੁਰਾਣੇ ਜਾਦੂਈਸੰਮੋਹਕ ਰੂਪ ਦੇ ਵੱਸ ਹੋ ਜਾਂਦਾ ਹੈ। ਇਸ ਤਰ੍ਹਾਂ ਅਣਜਾਣੇ ਹੀ ਪ੍ਰਗਤੀਸ਼ੀਲਤਾ ਇਕ ਕਿਸਮ ਦੇ ਮੁੜ ਸੁਰਜੀਤੀਵਾਦ ਵਿਚ, ਇਕ ਕਿਸਮ ਦੀ ਅਤੀਤ ਵੱਲ ਦੇਖਣ ਦੀ ਰੁਚੀ ਵਿਚ ਬਦਲ ਜਾਂਦੀ ਹੈ ਅਤੇ ਇਨਕਲਾਬੀ ਸੰਗੀਤ ਟੀਚੇ ਤੋਂ ਭਟ ਜਾਂਦਾ ਹੈ।

(10) ਹੁਣ ਆਈਏ ਇਸ ਸਵਾਲ ਵੱਲ ਕਿ ਮਜ਼ਦੂਰ ਜਮਾਤ ਦੇ ਸੰਗੀਤ ਸਿਰਜਕਾਂ ਦਾ ਸ਼ਾਸਤਰੀ ਸੰਗੀਤ ਵੱਲ੍ਹੀ ਕੀ ਰੂਪ ਹੋਵੇ ? ਮਜ਼ਦੂਰ ਜਮਾਤ ਹੁਣ ਤੱਕ ਦੀਆਂ ਸਾਰੀਆਂ ਹਾਕਮ ਜਮਾਤਾਂ ਦੇ ਸੰਗੀਤ ਤੋਂ ਕੀ ਕੁਝ ਲੈ ਸਕਦੀ ਹੈ ਅਤੇ ਕੁਝ ਲੈ ਵੀ ਸਕਦੀ ਹੈ ਜਾਂ ਨਹੀਂ। ਇਸ ਮਾਮਲੇ ਵਿਚ ਸ਼ੁਰੂਆਤ ਮੌਜੂਦਾ ਅਤੇ ਸੰਭਾਵਤ ਭਟਕਾਵਾਂ-ਭਟਕਣਾਂ ਤੋਂ ਵੀ ਕੀਤੀ ਜਾ ਸਕਦੀ ਹੈ। ਬੁਰਜੂਆ ਰਾਜਸੱਤਾ ਨੂੰ ਢਹਿ-ਢੇਰੀ ਕਰਕੇ ਆਪਣੀ ਰਾਜ ਸੱਤਾ ਨੂੰ ਜਥੇਬੰਦ ਤੇ

ਸਥਾਪਿਤ ਕਰਨਾ ਇਸ ਪ੍ਰੋਲੇਤਾਰੀ ਇਨਕਲਾਬੀ ਸੋਚ ਦੇ ਮੁਕਾਬਲੇ ਸਮਾਜਕ ਜਮਹੂਰੀ, ਸੁਧਾਰਵਾਦੀ, ਸੋਧਵਾਦੀ ਸੋਚ ਦੇ ਮੁਕਾਬਲੇ ਇਹ ਰਹੀ ਹੈ ਬੁਰਜੂਆਜ਼ੀ ਦੀ ਸਿਆਸੀ ਸੱਤਾ 'ਤੇ ਕਾਬਜ਼ ਹੋ ਜਾਣਾ। ਠੀਕ ਇਸੇ ਤਰ੍ਹਾਂ ਪ੍ਰੋਲੇਤਾਰੀ ਸੰਗੀਤ ਦੀ ਦੁਨੀਆਂ ਵਿਚ ਵੀ ਇਕ ਸੁਧਾਰਵਾਦੀ ਸੋਚ ਇਹ ਰਹੀ ਹੈ। ਜਗੀਰਦਾਰੀ ਅਤੇ ਪੂੰਜੀਵਾਦ ਦੇ ਸੰਗੀਤ ਉੱਪਰ ਮਜ਼ਦੂਰ ਵਰਗ ਵੱਲੋਂ ਅਧਿਕਾਰ ਕਰ ਲੈਣਾ। 1880 ਤੋਂ 1914 ਦੇ ਦਰਮਿਆਨ ਯੂਰਪ ਦੇ ਮਜ਼ਦੂਰ ਜਮਾਤੀ ਸੰਗੀਤ ਅੰਦੋਲਨ ਵਿਚ ਇਸ ਸੋਚ ਦਾ ਕਾਫੀ ਪ੍ਰਭਾਵ ਸੀ। ਇਸ ਸੋਚ ਦਾ ਇਕ ਸਿਰਾ ਬੁਰਜੂਆਜ਼ੀ ਦੀ ਪਿਛੜੀ ਸੰਗੀਤ ਸ਼ੈਲੀ ਨੂੰ ਅਪਨਾਉਣ ਤੱਕ ਜਾਂਦਾ ਹੈ। ਦੂਜਾ ਸਿਰਾ ਇੱਥੋਂ ਤੱਕ ਜਾਂਦਾ ਹੈ ਕਿ ਜਮਾਤੀ ਤੌਰ ਤੇ ਚੇਤਨ ਮਜ਼ਦੂਰਾਂ ਅਤੇ ਉਸ ਦੇ ਹਿਰਾਵਲ ਦਸਤਿਆਂ ਨੂੰ ਉੱਨਤ ਸੱਭਿਆਚਾਰਕ ਚੇਤਨਾ ਅਤੇ ਸੁੰਦਰਤਾ ਬੋਧ ਨਾਲ ਲੈਸ ਕਰਨ ਲਈ ਸ਼ਾਸਤਰੀ ਸੰਗੀਤ ਦੀ ਸਿੱਖਿਆ ਦਿੱਤੀ ਜਾਏ। ਉਸ ਵਿਚ ਨਿਪੁੰਨ ਬਣਾਇਆ ਜਾਏ, ਉਸ ਦਾ ਰਸ ਮਾਨਣਾ ਅਤੇ ਫਿਰ ਉਹੋ ਜਿਹੀ ਵੀ ਸੰਗੀਤ ਰਚਨਾ ਪੇਸ਼ ਕਰਨਾ ਸਿਖਾਇਆ ਜਾਏ (ਇਕ ਕਾਮਰੇਡ ਨੇ ਪਟਨਾ ਦੇ ਇਕ ਇਨਕਲਾਬੀ ਗਰੁੱਪ ਦੇ ਨੇਤਾ ਦੇ ਬਾਰੇ ਵਿਚ ਇਹ ਕਿੱਸਾ ਸੁਣਾਇਆ ਸੀ ਕਿ ਉਹ ਆਪਣੇ ਵਰਕਰਾਂ ਦੀ ਸੱਭਿਆਚਾਰਕ ਚੇਤਨਾ ਦਾ ਪੱਧਰ ਉੱਚਾ ਚੁੱਕਣ ਲਈ ਹਰ ਰੋਜ਼ ਉਨ੍ਹਾਂ ਨੂੰ ਬਿਠਾ ਕੇ ਘੰਟਿਆ ਬੱਧੀ ਸੁਰ ਸਾਧਿਆ ਕਰਦਾ ਸੀ ਅਤੇ 'ਜਲ ਵਿਚ ਮੀਨ ਪਿਆਸੀ' ਗਾਇਆ ਕਰਦਾ ਸੀ)। ਇਹ ਸੁਧਾਰਵਾਦੀ ਜਮਾਤੀ ਸਾਂਝ ਭਿਆਲੀਵਾਦੀ ਨਜ਼ਰੀਆ ਇਕ ਕਿਸਮ ਦਾ ਨਿਮਨ ਪੂੰਜੀਵਾਦੀ ਸ਼ੇਖਚਿੱਲੀਪਨ ਵੀ ਹੈ। ਜੋ ਮਜ਼ਦੂਰ ਜਮਾਤੀ ਸੰਗੀਤ ਅੰਦੋਲਨ ਲਈ ਨੁਕਸਾਨਦੇਹ ਹੋ ਸਕਦਾ ਹੈ।

(11) ਭਾਰਤ ਦੇ ਠੋਸ ਸੰਦਰਭਾਂ ਦੀ ਚਰਚਾ ਤੋਂ ਪਹਿਲਾਂ ਆਮ ਤੌਰ 'ਤੇ ਸ਼ਾਸਤਰੀ ਸੰਗੀਤ ਦੇ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਕੀ ਹੋਵੇ, ਇਸ ਨੂੰ ਸਪੱਸ਼ਟ ਕਰਨ ਲਈ ਅਸੀਂ ਹਾਂਸ ਆਈਸਰ ਦੇ ਪ੍ਰਸਿੱਧ ਲੇਖ 'ਇਕ ਨਵੀਂ ਸੰਗੀਤ ਸੰਸਕ੍ਰਿਤੀ ਦੇ ਨਿਰਮਾਤਾ' ਦੇ ਇਕ ਅੰਸ਼ ਦਾ ਹਵਾਲਾ ਦੇਣਾ ਜ਼ਰੂਰੀ ਸਮਝਦੇ ਹਾਂ।

"ਉਨ੍ਹਾਂ ਨੂੰ (ਯਾਨੀ ਮਜ਼ਦੂਰਾਂ ਨੂੰ) ਕਲਾ ਦੇ ਉਸ ਘਟੀਆ ਨਿਮਨ ਪੂੰਜੀਵਾਦੀ ਦ੍ਰਿਸ਼ਟੀਕੋਣ ਤੋਂ ਵੀ ਖ਼ਤਰਾ ਹੈ ਜੋ ਬੁਰਜੂਆਜ਼ੀ ਦੇ ਤਬਕਿਆਂ ਤੋਂ ਮਜ਼ਦੂਰਾਂ ਵਿਚਕਾਰ ਘੁਸਪੈਠ ਕਰਦਾ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਆਪਰੇਟਾ, ਹਿਟ ਸਾਂਗ, ਨਕਲੀ ਅਤੇ ਅਸਲੀ ਲੋਕ ਗੀਤ ਸਮਾਜ ਦੇ ਸਾਰੇ ਤਬਕਿਆਂ ਦੀ ਵੱਡੀ ਆਬਾਦੀ ਦੁਆਰਾ ਸੁਣੇ ਜਾਂਦੇ ਹਨ ਅਤੇ ਇੱਥੇ ਮਜ਼ਦੂਰਾਂ ਦੇ ਸਾਹਮਣੇ ਓਨਾ ਹੀ ਵੱਡਾ ਖਤਰਾ ਹੈ, ਜਿਨ੍ਹਾਂ ਕਿ ਸੰਗੀਤ ਵਿਚ ਮੌਜੂਦ ਜਮਾਤੀ ਦੰਭ ਤੋਂ ਹੈ। ਸ਼ਾਸਤਰੀ ਸੰਗੀਤ ਦੀ ਸਮਝ ਅਤੇ ਉਸ ਵਿਚ ਰੁਚੀ ਪੈਦਾ ਕਰਨਾ ਉਚਿਤ ਹੈ, ਬਸ਼ਰਤੇ ਇਸ ਦੀ ਵਰਤੋਂ ਹਲਕੇ ਮਨੋਰੰਜਨ ਸੰਗੀਤ ਨੂੰ ਖ਼ਤਮ ਕਰਨ ਲਈ ਕੀਤੀ ਜਾਵੇ। ਮਨੋਰੰਜਨ ਸੰਗੀਤ ਦੇ ਮੁਕਾਬਲੇ ਸ਼ਾਸਤਰੀ ਸੰਗੀਤ ਦੇ ਲਾਭ ਸਪੱਸ਼ਟ ਹਨ ਕਿਉਂਕਿ ਇਹ ਮਿਹਨਤਕਸ਼ ਜਮਾਤ ਦੇ ਸਰੋਤਿਆਂ ਤੋਂ ਚੇਤੰਨ ਹੋ ਕੇ ਸੁਨਣ ਦੀ ਮੰਗ ਕਰਦਾ ਹੈ, ਜਦਕਿ ਮਨੋਰੰਜਨ ਸੰਗੀਤ ਅਜਿਹੀ ਕੋਈ ਮੰਗ ਨਹੀਂ ਕਰਦਾ, ਬਲਕਿ ਅਸਲੀਪਨ ਅਤੇ ਦਿਮਾਗ ਨੂੰ ਢਿੱਲਾ ਛੱਡ ਦੇਣ ਦਾ ਭਾਵ ਪੈਦਾ ਕਰਦਾ ਹੈ। ਬੁਰਜੂਆ ਸੰਗੀਤ ਦੀਆਂ

ਮਹਾਨ ਕਿਰਤਾਂ ਦੀ ਪੇਸ਼ਕਾਰੀ ਦੇ ਦੁਆਰਾ ਮਜ਼ਦੂਰ ਜਮਾਤ ਦੇ ਸਰੋਤਿਆਂ ਉੱਪਰ ਇਸ ਖ਼ਤਰੇ ਨੂੰ ਦੂਰ ਕਰਨਾ ਜ਼ਰੂਰੀ ਹੈ, ਪਰ ਜੇਕਰ ਇਸ ਦੇ ਨਤੀਜੇ ਵਜੋਂ ਮਜ਼ਦੂਰਾਂ ਵਿਚੋਂ ਟੇਂਡੇਂਜ਼ਮੁਜਿਕ (ਮਜ਼ਦੂਰ ਜਮਾਤੀ ਸੰਗੀਤ) ਦੇ ਪ੍ਰਤੀ ਨਕਾਰਾਤਮਕ ਰਵੱਈਆ ਪੈਦਾ ਹੋ ਗਿਆ ਹੋਵੇ ਤਾਂ ਇਹ ਲਾਭ ਬੇਹੱਦ ਗੰਭੀਰ ਨੁਕਸਾਨ ਵਿਚ ਤਬਦੀਲ ਹੋ ਸਕਦਾ ਹੈ।

ਮਜ਼ਦੂਰਾਂ ਦੇ ਸੰਗੀਤ ਲਹਿਰ ਨੂੰ ਸਿਆਸੀ ਸੰਘਰਸ਼ਾਂ ਵਿਚ ਸੋਚ ਦੇ ਪੱਧਰਤੱਕ ਚੁੱਕਣ ਲਈ ਇਹ ਜ਼ਰੂਰੀ ਹੈ ਕਿ ਬੁਰਜੂਆ ਸੰਗੀਤ ਗਤੀਵਿਧੀਆਂ ਦੇ ਰੂਪਾਂ ਦੀ ਆਲੋਚਨਾ ਕੀਤੀ ਜਾਵੇ ਅਤੇ ਹੁਣ ਉਨ੍ਹਾਂ ਦੀ ਗੈਰ-ਆਲੋਚਨਾਤਮਕ ਢੰਗ ਨਾਲ ਬਿਲਕੁਲ ਵੀ ਵਰਤੋਂ ਨਾ ਕੀਤੀ ਜਾਵੇ। ਨਾਲ ਹੀ ਮਜ਼ਦੂਰਾਂ ਦੀ ਨਵੀਂ ਸਮਾਜਿਕ ਸਥਿਤੀ ਦਾ ਵੀ ਵਿਸ਼ਲੇਸ਼ਣ ਕੀਤਾ ਜਾਣਾ ਚਾਹੀਦਾ ਹੈ।"

(12) ਪਰ ਭਾਰਤ ਵਿਚ ਹਾਂਸ ਆਈਸਲਰ ਦੇ ਸਿਰਫ ਇਸ ਕਥਨ ਦੇ ਆਧਾਰ 'ਤੇ ਹੀ ਸ਼ਾਸਤਰੀ ਸੰਗੀਤ ਦੇ ਪ੍ਰਤੀ ਮਜ਼ਦੂਰ ਜਮਾਤ ਦੀ ਸੰਗੀਤ ਸੰਸਕ੍ਰਿਤੀ ਦੇ ਨਿਰਮਾਤਾ ਆਪਣਾ ਆਮ ਰੁਖ਼ ਨਿਰਧਾਰਿਤ ਨਹੀਂ ਕਰ ਸਕਦੇ। ਭਾਰਤੀ ਇਤਿਹਾਸ ਦੀ ਇਸ ਵਿਸ਼ਿਸ਼ਟਤਾ ਨੇ ਇੱਥੇ ਸਾਡੇ ਕੰਮ ਨੂੰ ਗੁੰਝਲਦਾਰ ਬਣਾ ਦਿੱਤਾ ਹੈ। ਆਈਸਲਰ ਜਦ ਉਪਰੋਕਤ ਵਿਚਾਰ ਪ੍ਰਗਟ ਕਰ ਰਹੇ ਸਨ, ਤਾਂ ਉਨ੍ਹਾਂ ਦੇ ਪਿੱਛੇ ਬੁਰਜੂਆ ਸ਼ਾਸਤਰੀ ਸੰਗੀਤ ਦੀ ਇਕ ਅਮੀਰ ਵਿਰਾਸਤ ਸੀ। ਉਨ੍ਹਾਂ ਦੇ ਪਿੱਛੇ ਸਿੰਫਨੀ ਸੰਗੀਤ ਦੇ ਮਹਾਨ ਨਿਰਮਾਤਾ ਹਾਈਡਨ (1732-1809), ਮੋਜਾਰਟ (1756-91) ਅਤੇ ਬੀਥੋਵਨ (1770-1827) ਦੀ ਮਹਾਨ ਵਿਰਾਸਤ ਸੀ, ਜਿਸ ਵਿਚ ਪ੍ਰਬੋਧਨਕਾਲ ਅਤੇ ਫਰਾਂਸ ਦੇ ਮਹਾਨ ਬੁਰਜੂਆ ਜਮਹੂਰੀ ਇਨਕਲਾਬ ਦੀ ਆਤਮਾ ਮੌਜੂਦ ਸੀ। ਜ਼ਿਕਰਯੋਗ ਹੈ ਕਿ ਹਾਈਡਨ ਇਕ ਬੰਧੂਆ ਮਜ਼ਦੂਰ ਸੀ। ਸਾਲਜਬਰਗ ਦੇ ਆਰਕਬਿਸ਼ਪ ਨਾਲ ਸੰਬੰਧ ਤੋੜ ਲੈਣ ਤੋਂ ਬਾਅਦ ਮੋਜ਼ਾਰਟ ਨੇ ਪੂਰਾ ਜੀਵਨ ਘੋਰ ਗਰੀਬੀ ਵਿਚ ਬਿਤਾਇਆ ਅਤੇ ਬੀਥੋਵਨ ਸੱਚੇ ਅਰਥਾਂ ਵਿਚ ਇਕ ਬੁਰਜੂਆ ਬੁੱਧੀਜੀਵੀ ਸੀ, ਜੋ ਕਦੇ ਕਿਸੇ ਜਗੀਰਦਾਰ ਦਾ ਨੌਕਰ ਨਹੀਂ ਰਿਹਾ ਸੀ। ਬੀਥੋਵਨ ਇਕ ਸਿਰਕੱਢ ਦਵੰਦਵਾਦੀ ਸੀ, ਸੰਗੀਤ ਵਿਚ ਉਸ ਦਾ ਦਵੰਦਵਾਦ ਉੱਥੋਂ ਤੱਕ ਜਾਂਦਾ ਸੀ ਜਿੱਥੋਂ ਤੱਕ ਦਰਸ਼ਨ ਵਿਚ ਹੀਗਲ ਦਾ ਦਵੰਦਵਾਦ ਵੀ ਨਹੀਂ ਸੀ ਪਹੁੰਚਿਆ। ਉਸ ਦੀ ਸੰਰਚਨਾ ਵਿਚ ਤਿੱਕੜੀ ਦੀ ਜੋ ਬਣਤਰ 'ਥੀਸਸ-ਐਂਟੀਥੀਸਸ-ਸਿੰਥੀਸਸ' ਦੇ ਰੂਪ ਵਿਚ ਪਾਈ ਜਾਂਦੀ ਹੈ, ਉਹ ਸੁਤੰਤਰਤਾ-ਸਮਾਨਤਾ-ਭਾਈਚਾਰਾ, ਕੁਦਰਤ-ਬੁੱਧੀ-ਤਰਕਬੁੱਧੀ ਵਰਗੀਆਂ ਤਿੱਕੜੀਆਂ ਦਾ ਹੀ ਸੰਗੀਤ ਵਿਚ ਪ੍ਰਗਟਾਅ ਹੈ। ਪ੍ਰਬੋਧਨ ਕਾਲ ਅਤੇ ਫਰਾਂਸੀਸੀ ਇਨਕਲਾਬ ਦੇ ਆਦਰਸ਼ ਭਾਵੇਂ ਬੁਰਜੂਆ ਰਾਜ ਸੱਤਾ ਦੀ ਸਥਾਪਨਾ ਤੋਂ ਬਾਅਦ ਭੁਲੇਖਾ ਸਾਬਤ ਹੋਏ ਹੋਣ, ਪਰ ਯੂਰਪੀ ਜਗੀਰਦਾਰੀ ਦੀਆਂ ਜੜ੍ਹਾਂ ਹਿਲਾ ਕੇ ਉਸ ਮਹਾਨ ਇਨਕਲਾਬ ਨੇ ਉਨ੍ਹਾਂ ਤਾਕਤਾਂ ਨੂੰ ਮੁਕਤ ਕਰ ਦਿੱਤਾ, ਜਿਨ੍ਹਾਂ ਨੇ 1848 ਦੇ ਇਨਕਲਾਬ ਤੇ ਫਿਰ 1917 ਦੇ ਮਜ਼ਦੂਰ ਇਨਕਲਾਬ ਦੀ ਜ਼ਮੀਨ ਤਿਆਰ ਕੀਤੀ। ਲੈਨਿਨ ਦੇ ਅਨੁਸਾਰ ਇਹ ਇਕ ਅਜਿਹਾ ਇਨਕਲਾਬ ਸੀ, ਜੋ ਅੱਜ ਵੀ ਏਨੀ ਭਾਰੀ ਘ੍ਰਿਣਾ ਉਭਾਰ ਕੇ ਮਾਨਵਤਾ 'ਤੇ ਪੈਣ ਵਾਲੇ ਆਪਣੇ ਪ੍ਰਭਾਵ ਦੀ ਜੀਵੰਤਤਾ ਤੇ ਸ਼ਕਤੀ ਨੂੰ ਸਾਬਤ ਕਰਦਾ ਹੈ। ਬੀਥੋਵਨ ਦੇ ਸੰਗੀਤ ਦੀ ਜੀਵੰਤਤਾ ਤੇ ਸ਼ਕਤੀ ਦਾ ਇਹੀ ਸ੍ਰੋਤ

ਸੀ। ਮੱਧ ਯੂਰਪ ਵਿਚ ਨੈਪੋਲੀਅਨ ਦੀਆਂ ਫ਼ੌਜੀ ਮੁਹਿੰਮਾਂ ਦੇ ਦੌਰਾਨ ਜਦੋਂ ਇਨਕਲਾਬ ਦੇ ਰੱਖਿਅਕ ਅਤੇ ਕੌਮੀ ਮੁਕਤੀ ਸੈਨਾ ਦੇ ਨੇਤਾ ਦੇ ਰੂਪ ਵਿੱਚ ਹਰ ਜਗ੍ਹਾ ਉਸ ਦਾ ਸਵਾਗਤ ਹੋ ਰਿਹਾ ਸੀ ਤਾਂ ਬੀਥੋਵਨ ਨੇ ਆਪਣੀ ਤੀਸਰੀ ਸਿੰਫਨੀ 'ਇਰੋਇਕਾ' ਉਸ ਦੇ ਨਾਂ ਭੇਟ ਕੀਤੀ ਸੀ, ਲੇਕਿਨ ਨੈਪੋਲੀਅਨ ਦੇ ਸਮਰਾਟ ਬਣ ਜਾਣ ਦੀ ਖਬਰ ਸੁਣਦੇ ਹੀ ਉਸ ਨੇ ਆਪਣਾ ਇਹ ਸਮਰਪਣ ਰੱਦ ਕਰ ਦਿੱਤਾ ਸੀ। ਵਿਆਨਾ ਕਾਂਗਰਸ ਤੋਂ ਬਾਅਦ ਦੇ ਪਿਛਾਖੜੀ ਚੜ੍ਹਤ ਦੇ ਦੌਰ ਵਿਚ ਜਦ ਇਟਲੀ ਦੇ ਸੁਗਮ ਓਪੇਰਾ ਦਾ ਬੋਲਬਾਲਾ ਸੀ, ਉਦੋਂ ਬੀਥੋਵਨ ਸ਼ਾਂਤ ਸੀ, ਪਰ ਨੌਂ ਸਾਲ ਬਾਅਦ 'ਕਰੋਲ ਸਿੰਫਨੀ' ਨਾਂਅ ਤੋਂ ਪ੍ਰਸਿੱਧ ਆਪਣੀ ਅੰਤਮ ਅਤੇ ਮਹਾਨਤਮ ਰਚਨਾ ਵਿਚ ਅਦਭੁਤ ਇਨਕਲਾਬੀ ਭਵਿੱਖ ਦ੍ਰਿਸ਼ਟਾ ਦੇ ਰੂਪ ਵਿਚ ਉਹ ਸਾਹਮਣੇ ਆਇਆ। ਇਹ ਮਹਾਨ ਰਚਨਾ ਸੰਸਾਰ ਭਾਈਚਾਰੇ ਵਿਚ ਵਿਸ਼ਵਾਸ ਦਾ ਮੁੜ ਐਲਾਨ ਕਰਦੇ ਹੋਏ ਮੁਕਤੀ ਦੇ ਪ੍ਰਤੀ ਪ੍ਰਤੀਬੱਧ ਲੋਕਾਂ ਦੀ ਚਿੰਤਾ ਨੂੰ ਆਵਾਜ਼ ਦਿੰਦੀ ਹੈ ਅਤੇ ਅੰਤਮ ਹਿੱਸੇ ਵਿਚ ਫਰਾਂਸੀਸੀ ਇਨਕਲਾਬੀ ਮੁਹਿੰਮ ਦੀ ਯਾਦ ਦਿਵਾਉਂਦੀ ਹੋਈ ਇਹ ਵਿਸ਼ਵਾਸ ਪ੍ਰਗਟ ਕਰਦੀ ਹੈ ਕਿ ਲੋਕ ਮੁਕਤੀ ਮੁਹਿੰਮ ਭਵਿੱਖ ਵਿਚ ਇਕ ਵਾਰ ਫਿਰ ਅੱਗੇ ਚੱਲ ਪਵੇਗੀ। ਇਹ ਬਿਨਾਂ ਕਿਸੇ ਗੱਲ ਦੇ ਨਹੀਂ ਕਿ 20ਵੀਂ ਸਦੀ ਦੇ ਪਹਿਲੇ ਅੱਧ ਵਿਚ ਪ੍ਰੋਲੇਤਾਰੀ ਸੰਗੀਤ ਦੇ ਯੂਰਪੀ ਕਾਵਕਾਰਾਂ ਨੇ ਅਤੇ ਸੋਵੀਅਤ ਸੰਗੀਤਕਾਰਾਂ ਨੇ ਬੀਥੋਵਨ ਦੇ ਸੰਗੀਤ ਦਾ ਬਹੁਤ ਉੱਚਾ ਮੁਲਾਂਕਣ ਕੀਤਾ ਅਤੇ ਉਸ ਤੋਂ ਕਾਫੀ ਕੁਝ ਲਿਆ।

ਬੀਥੋਵਨ ਦਾ ਅਤੇ ਹੋਰ ਮਹਾਨ ਸਿੰਫਨੀ ਨਿਰਮਾਤਾਵਾਂ ਦਾ ਸੱਚਾ ਵਾਰਸ ਉੱਨੀਵੀਂ ਸਦੀ ਦੇ ਪਿਛਲੇ ਅੱਧ ਅਤੇ 20ਵੀਂ ਸਦੀ ਦਾ ਪਤਨਸ਼ੀਲ ਬੁਰਜੂਆ ਸੰਗੀਤ ਨਹੀਂ ਸੀ, ਬਲਕਿ ਪ੍ਰੋਲੇਤਾਰੀ ਸੰਗੀਤ ਦੀ ਧਾਰਾ ਸੀ। ਬੁਰਜੂਆ ਸੰਗੀਤ ਨੇ ਮੁਕਤੀ ਦੇ ਲਾਲ ਝੰਡੇ ਨੂੰ ਜਦ ਧੂੜ ਵਿਚ ਸੁੱਟ ਦਿੱਤਾ ਤਾਂ ਪ੍ਰੋਲੇਤਾਰੀ ਸੰਗੀਤ ਨੇ ਅੱਗੇ ਵੱਧ ਕੇ ਉਸ ਨੂੰ ਚੁੱਕ ਲਿਆ।

(13) ਸਾਡੇ ਦੇਸ਼ ਵਿਚ ਸਥਿਤੀ ਥੋੜ੍ਹੀ ਅਲੱਗ ਰਹੀ। ਸਾਨੂੰ ਇਨਕਲਾਬੀ ਬੁਰਜੂਆ ਸੰਗੀਤ ਦੀ ਵਿਰਾਸਤ ਨਹੀਂ ਮਿਲੀ। ਮੱਧ ਯੁੱਗ ਦੇ ਪਿਛਲੇਰੇ ਦੌਰ ਵਿਚ ਜਦੋਂ ਸ਼ਾਸਤਰੀ ਸੰਗੀਤ ਦਾ ਚਰਿੱਤਰ ਪੂਰੀ ਤਰ੍ਹਾਂ ਜਗੀਰੂ ਸੀ। ਇਹ ਮੰਦਰਾਂ ਤੇ ਦਰਬਾਰਾਂ ਦੀ ਚਾਰਦੀਵਾਰੀ ਵਿਚ ਕੈਦ ਸੀ। ਇਤਿਹਾਸ ਦੇ ਲੰਮੇ ਦੌਰ ਵਿਚ ਇਸ ਨੇ ਕਲਾ ਦਾ ਉੱਚ ਪੱਧਰ ਹਾਸਲ ਕੀਤਾ ਸੀ। ਪਰ ਇਹ ਜਗੀਰੂ ਹਾਕਮਾਂ ਦੀ ਕਲਾ ਸੀ, ਜਗੀਰਦਾਰਾਂ ਨੂੰ ਮਨੋਰੰਜਨ ਅਤੇ ਆਨੰਦ ਦੇਣਾ ਇਸ ਦਾ ਕੰਮ ਸੀ। ਜਨਤਾ ਨੂੰ ਅਦਿੱਖ ਅਲੌਕਿਕ ਸੱਤਾ ਦੇ ਸਾਹਮਣੇ ਦੀਨ ਹੀਨ ਬਣਾਉਣਾ ਅਤੇ ਅਨੁਸ਼ਾਸਤ ਅਤੇ ਸਿਆਸੀ ਵਿਚਾਰਕ ਰੂਪ ਤੋਂ ਨਕਾਰਾ ਬਣਾਉਣਾ ਇਸ ਦਾ ਕੰਮ ਸੀ। ਭਾਰਤ ਦੀ ਮੱਧ ਯੁੱਗੀ ਸਮਾਜਕ ਆਰਥਕ ਬਣਤਰ ਦੇ ਅੰਦਰ ਭਰੂਣ ਰੂਪ ਵਿਚ ਮੌਜੂਦ ਜਮਹੂਰੀਅਤ ਦਾ ਝੰਡਾ ਉਠਾਉਣ ਵਾਲੀਆਂ ਸਮਾਜਕ ਤਾਕਤਾਂ ਵਿਕਸਤ ਅਤੇ ਜਥੇਬੰਦ ਹੁੰਦੀਆਂ, ਇਸ ਤੋਂ ਪਹਿਲਾਂ ਹੀ ਦੇਸ਼ ਦਾ ਬਸਤੀਕਰਨ ਹੋ ਗਿਆ। ਕਿਸਾਨ ਸੰਘਰਸ਼ ਅਤੇ ਧਰਮ ਸੁਧਾਰ ਅੰਦੋਲਨ ਦੀ ਜੋ ਪ੍ਰਕਿਰਿਆ ਰਫਤਾਰ ਫੜ ਰਹੀ ਸੀ, ਉਹ ਸ਼ਾਇਦ ਅੱਗੇ ਚੱਲ ਕੇ ਆਪਣੀਆਂ ਦੇਸੀ ਖਾਮੀਆਂ ਕਾਰਨ 'ਪੁਨਰ ਜਾਗਰਣ-ਪ੍ਰਬੋਧਨ ਜਮਹੂਰੀ ਇਨਕਲਾਬ' ਦੀ ਪ੍ਰਕਿਰਿਆ ਵਿਚ ਢਲ ਸਕਦੀ ਸੀ, ਪਰ ਇਸੇ ਦਰਮਿਆਨ ਦੇਸ਼ ਗੁਲਾਮ

ਹੋ ਗਿਆ। ਸਮਾਜ ਦੀ ਕੁਦਰਤੀ ਗਤੀ ਨੂੰ ਤਬਾਹ ਕਰਕੇ ਇਸ ਦੇ ਉੱਪਰ ਇਕ ਨਵੀਂ ਬਸਤੀਵਾਦੀ ਸਮਾਜਕ, ਆਰਥਕ, ਬਣਤਰ ਥੋਪ ਦਿੱਤੀ ਗਈ। 1857 ਦੀ ਹਾਰ ਨੇ ਇਸ ਪ੍ਰਕਿਰਿਆ ਨੂੰ ਮੁਕੰਮਲ ਕਰ ਦਿੱਤਾ। ਬਸਤੀਵਾਦੀ ਦੌਰ ਦੌਰਾਨ ਜਗੀਰਦਾਰੀ ਵਰਗ ਦੀਆਂ ਜੋ ਅਲੱਗ-ਅਲੱਗ ਪਰਤਾਂ ਅਤੇ ਰੂਪ ਅਰਧ ਜਗੀਰੂ ਦੀ ਚੋਟੀ ’ਤੇ ਬੈਠੇ ਸਨ, ਉਨ੍ਹਾਂ ਵਿਚੋਂ ਇਕ, ਰਿਆਸਤਾਂ, ਜਗੀਰਾਂ ਦੇ ਕੁਝ ਰਾਜਿਆਂ-ਨਵਾਬਾਂ-ਜਗੀਰਦਾਰਾਂ ਦੀ ਸਰਪ੍ਰਸਤੀ ਹੇਠ ਮੱਧਯੁਗੀ ਜਗੀਰੂ ਸ਼ਾਸਤਰੀ ਸੰਗੀਤ ਦੀਆਂ ਪਤਨਸ਼ੀਲ ਪ੍ਰਵਿਰਤੀਆਂ ਕਾਇਮ ਰਹੀਆਂ। ਜਗੀਰੂ ਪਿਛੋਕੜ ਤੋਂ ਆਉਣ ਵਾਲੇ ਕੁਲੀਨ ਬੁੱਧੀਜੀਵੀਆਂ ਦੇ ਇਕ ਹਿੱਸੇ ਨੇ ਇਸ ਨੂੰ ਅਪਣਾਇਆ ਅਤੇ ਹੱਲਾਸ਼ੇਰੀ ਦਿੱਤੀ। ਆਜ਼ਾਦੀ ਤੋਂ ਬਾਅਦ ਦੇ ਸਮੇਂ ਵਿਚ ਬੁਰਜੂਆਜੀ ਅਤੇ ਸੁਸੰਸਕ੍ਰਿਤ ਕਹਿਲਾਉਣ ਦੀ ਗ੍ਰੰਥੀ ਤੋਂ ਪੀੜਤ ਨਵਕੁਲੀਨਾਂ ਨੇ ਜਗੀਰੂ ਸ਼ਾਸਤਰੀ ਸੰਗੀਤ ਦੀ ਇਸੇ ਧਾਰਾ ਨੂੰ ਅਪਣਾਇਆ ਅਤੇ ਹੱਲਾਸ਼ੇਰੀ ਦਿੱਤੀ। ਨਵੀਂ ਬੁਰਜੂਆ ਸੱਤਾ ਦੀਆਂ ਸੱਭਿਆਚਾਰਕ ਸੰਸਥਾਵਾਂ ਨੇ ਵੀ ਇਸ ਵਿਚ ਅਹਿਮ ਭੂਮਿਕਾ ਨਿਭਾਈ। ਭਾਰਤੀ ਬੁਰਜੂਆਜ਼ੀ ਨੇ ਪੁਰਾਣੇ ਜਗੀਰੂ ਸੱਭਿਆਚਾਰਕ ਮੁੱਲਾਂ ਨੂੰ ਅਪਣਾ ਕੇ ਉਨ੍ਹਾਂ ਵਿਚ ਪਿਛਾਖੜੀ ਬੁਰਜੂਆ ਤੱਤ ਦੀ ਮਿਲਾਵਟ ਕੀਤੀ, ਕਿਉਂਕਿ ਇਹ ਬੁਰਜੂਆਜ਼ੀ ਦਸਤਕਾਰਾਂ-ਉੱਦਮੀਆਂ ਦੀ ਵਾਰਸ ਨਹੀਂ ਸੀ ਅਤੇ ਪੁਨਰ ਜਾਗਰਣ-ਪ੍ਰਬੋਧਨ ਇਨਕਲਾਬ ਦੀ ਪ੍ਰਕਿਰਿਆ ਤੋਂ ਗੁਜ਼ਰ ਕੇ ਇਸ ਨੇ ਆਪਣਾ ਸਮਾਜਕ, ਸਿਆਸੀ, ਸੱਭਿਆਚਾਰਕ ਗਲਬਾ ਸਥਾਪਤ ਨਹੀਂ ਕੀਤਾ ਸੀ। ਇਹ ਬਸਤੀਵਾਦੀ ਸਮਾਜਕ ਬਣਤਰ ਦੀ ਕੁੱਖ ਤੋਂ ਜਨਮਿਆ ਸੀ, ਸਾਮਰਾਜਵਾਦ ਦੇ ਦੌਰ ਵਿਚ ਬਾਲਗ ਹੋਇਆ ਸੀ ਅਤੇ ਕੌਮੀ ਅੰਦੋਲਨ ਦੇ ਦੌਰ ਵਿਚ ਵੀ ਇਸ ਦੀ ਦੂਹਰੀ ਭੂਮਿਕਾ ਸੀ। ਬੁਰਜੂਆ ਜਮਹੂਰੀਅਤ ਸਕਾਰਾਤਮਕ ਮੁੱਲਾਂ ਤੋਂ ਕੋਰੀ ਇਹ ਜਮਾਤ ਬੁਰਜੂਆ ਸ਼ਾਸਤਰੀ ਸੰਗੀਤ ਦੀ ਧਾਰਾ ਦੀ ਪ੍ਰਵਰਤਕ ਹੋ ਹੀ ਨਹੀਂ ਸਕਦੀ ਸੀ ਅਤੇ ਫਿਰ ਇਤਿਹਾਸ ਦਾ ਉਹ ਦੌਰ ਵੀ ਪਿੱਛੇ ਛੁੱਟ ਗਿਆ ਸੀ।

(14) ਫਿਰ ਵੀ ਅਜਿਹਾ ਨਹੀਂ ਹੈ ਕਿ ਪ੍ਰੋਲੇਤਾਰੀ ਸੰਗੀਤ ਦੇ ਸਿਰਜਕ ਭਾਰਤੀ ਸ਼ਾਸਤਰੀ ਸੰਗੀਤ ਤੋਂ ਕੁਝ ਲੈ ਹੀ ਨਹੀਂ ਸਕਦੇ। ਸ਼ਾਸਤਰੀ ਸੰਗੀਤ ਦਾ ਮੁੱਢਲਾ ਰੂਪ ਜੋ ਪ੍ਰਾਚੀਨ ਭਾਰਤ ਦੀ ਗਤੀਮਾਨਤਾ ਅਤੇ ਸਮਰੱਥਾ ਦੇ ਦੌਰ ਦੀ ਉਪਜ ਸੀ, ਉਸ ਦੇ ਤੱਤਾਂ ਨੂੰ ਸ਼ਾਸਤਰੀ ਸੰਗੀਤ ਦੇ ਪਤਨਸ਼ੀਲ ਜਗੀਰੂ ਰੂਪ ਤੋਂ ਅਲਗ ਕਰਨਾ ਹੋਏਗਾ। ਮਜ਼ਦੂਰ ਜਮਾਤ ਦੇ ਸੰਗੀਤ ਦੇ ਨਵੇਂ ਕਲਾਸੀਕਲ ਰੂਪਾਂ ਦੇ ਵਿਕਾਸ ਵਿਚ ਉਨ੍ਹਾਂ ਤੋਂ ਕੁਝ ਮਦਦ ਮਿਲ ਸਕਦੀ ਹੈ। ਇਸ ਲਈ ਸਾਨੂੰ ਭਾਰਤੀ ਸ਼ਾਸਤਰੀ ਸੰਗੀਤ ਨੂੰ ਸਮੁੱਚਤਾ ਵਿਚ ਜਾਨਣਾ ਸਮਝਣਾ ਤਾਂ ਹੋਵੇਗਾ ਹੀ। ਸਾਡੀ ਇਕ ਅਟਕਲ ਇਹ ਹੈ ਕਿ ਪ੍ਰੋਲੇਤਾਰੀ ਸੰਗੀਤ ਸਿਰਜਕ ਜਦ ਸਿਰਫ ਸੁਰਾਂ ਦੀ ਭਾਸ਼ਾ ਵਿਚ ਵਿਚਾਰਾਂ ਦੇ ਸੰਚਾਰ ਦੀ ਕਲਾਤਮਕ ਪੱਧਤੀ ਵਿਕਸਤ ਕਰੇਗਾ, ਤਾਂ ਇਕ ਪਾਸੇ ਕੌਮਾਂਤਰੀਵਾਦੀ ਰੁਖ਼ ਅਪਣਾਉਂਦੇ ਹੋਏ ਬੀਥੋਵਨ ਅਤੇ ਮੋਜ਼ਾਰਟ ਤੋਂ ਲੈ ਕੇ ਹਾਂਸ ਆਈਸਲਰ ਅਤੇ ਸ਼ਾਸਤਾਕੋਵਿਚ ਤੋਂ ਕਾਫੀਕੁਝ ਸਿੱਖੇਗਾ ਅਤੇ ਦੂਜੇ ਪਾਸੇ ਆਪਣੀਆਂ ਜੜ੍ਹਾਂ ਦੀ ਤਲਾਸ਼ ਕਰਦਾ ਹੋਇਆ ਧਰੁਪਦ ਸੰਗੀਤ ਤੋਂ ਵੀ ਕਾਫੀ ਚੀਜ਼ਾਂ ਹਾਸਲ ਕਰੇਗਾ। ਖਿਆਲ ਗਾਇਕੀ ਤੋਂ ਸ਼ਾਇਦ ਉਸ ਨੂੰ ਬਹੁਤੀ ਮਦਦ ਨਾ ਮਿਲੇ। ਇਸ ਅਟਕਲ ਦਾ ਇਕ ਆਧਾਰ ਹੈ। ਧਰੁਪਦ

ਦੀ ਪੈਦਾਇਸ਼ ਕੁਦਰਤੀ ਅਰਥਚਾਰੇ ਦੇ ਪੂਰਵ ਜਗੀਰੂ ਦੌਰ ਵਿਚ ਹੋਈ ਸੀ, ਜਦ ਵਿਭੇਦੀਕਰਣ (ਜਮਾਤਾਂ ਅਤੇ ਜਮਾਤੀ ਕਲਾ ਦੋਵਾਂ ਹੀ ਧਰਾਤਲਾਂ 'ਤੇ) ਅਜੇ ਓਨਾ ਜ਼ਿਆਦਾ ਨਹੀਂ ਹੋਇਆ ਸੀ। ਲੋਕ ਮੁੱਲਾਂ ਦੀ ਸਾਪੇਖਕ ਨੇੜਤਾ ਜ਼ਿਆਦਾ ਸੀ ਅਤੇ ਕੁਦਰਤ ਅਤੇ ਜੀਵਨ ਦੀ ਨੇੜਤਾ ਤੋਂ ਧਰੁਪਦ ਵਿਚੋਂ ਕੁਦਰਤੀ ਅਤੇ ਸ਼ੁੱਧਤਾ ਜ਼ਿਆਦਾ ਸੀ, ਵਿਗਾੜ ਅਤੇ ਕਰੂਪਤਾ ਘੱਟ ਸੀ।

(15) ਭਾਰਤ ਵਿਚ ਪਿਛਲੇ ਤਿੰਨ ਚਾਰ ਦਹਾਕਿਆਂ ਦੇ ਦੌਰਾਨ ਪੂੰਜੀਵਾਦੀ ਵਿਕਾਸ ਦੇ ਦੌਰ ਵਿਚ ਜੋ ਸਿੱਖਿਅਤ ਮੱਧ ਵਰਗ ਵਿਕਸਤ ਹੋਇਆ ਹੈ, ਉਸ ਦੀ ਸੱਭਿਆਚਾਰਕ ਕੁਲੀਨੀਕਰਨ ਦੀ ਲਲਕ ਨੇ ਮਹਾਂਨਗਰੀ ਮਾਹੌਲ ਵਿਚ ਅਤੇ ਸੰਸਥਾਨਕ ਧਰਾਤਲ ਤੇ ਸ਼ਾਸਤਰੀ ਸੰਗੀਤ ਨੂੰ ਫੈਲਣ ਅਤੇ ਜਿਉਂਦੇ ਰਹਿਣ ਦਾ ਇਕ ਨਵਾਂ ਅਧਾਰ ਮੁਹੱਈਆ ਕੀਤਾ ਹੈ। ਪਿੱਛਲਮੋੜੇ, ਮੁੜ ਸੁਰਜੀਤੀ ਅਤੇ ਤਕਰਸ਼ੀਲਤਾ ਨਿਖੇਧ ਦੇ ਵਰਤਮਾਨ ਸੰਸਾਰ ਇਤਿਹਾਸਕ ਦੌਰ ਦੀ ਵੀ ਇਸ ਵਿਚ ਇਕ ਅਹਿਮ ਭੂਮਿਕਾ ਰਹੀ ਹੈ। ਇਸ ਪੂਰੀ ਪ੍ਰਕਿਰਿਆ ਵਿਚ ਸ਼ਾਮਲ ਅੰਤਰਵਿਰੋਧੀ ਗਤੀ ਤੋਂ (ਹਾਕਮ ਜਮਾਤਾਂ ਦੀ ਇੱਛਾ ਤੋਂ ਆਜ਼ਾਦ) ਕੁਝ ਅਜਿਹੇ ਨਵੇਂ ਰੁਝਾਨ ਸਾਹਮਣੇ ਆਏ ਹਨ, ਜਿਨ੍ਹਾਂ ਉੱਪਰ ਮਜ਼ਦੂਰ ਜਮਾਤ ਦੀ ਨਵੀਂ ਸੰਗੀਤ ਸੰਸਕ੍ਰਿਤੀ ਦੇ ਨਿਰਮਾਤਾਵਾਂ ਨੂੰ ਗੌਰ ਕਰਨਾ ਹੋਵੇਗਾ। ਸ਼ਾਸਤਰੀ ਸੰਗੀਤ ਨੂੰ ਜ਼ਿਆਦਾ ਬੜੇ ਘੇਰੇ ਵਿਚ ਪਕੜ ਬਣਾਉਣ ਦੇ ਲਈ (ਹਾਕਮ ਜਮਾਤੀ ਦ੍ਰਿਸ਼ਟੀਕੋਣ ਤੋਂ ਹੀ ਸਹੀ) ਵਰਤਮਾਨ ਸਮੇਂ ਅਤੇ ਜੀਵਨ ਦੇ ਦਵੰਦਾਂ ਨੂੰ ਪ੍ਰਗਟ ਕਰਨ ਦੇ ਲਈ ਕੁਝ ਸ਼ਾਸਤਰੀ ਸੰਗੀਤਕਾਰਾਂ ਨੇ ਨਵੇਂ ਪ੍ਰਯੋਗ ਕੀਤੇ ਹਨ ਅਤੇ ਬਹੁਤ ਛੋਟੇ ਪੱਧਰ 'ਤੇ ਨਿਮਨ ਬੁਰਜੂਆਜ਼ੀ 'ਚ ਇਕ ਰੈਡੀਕਲ ਸੁਰ ਵੀ ਵਰਤਮਾਨ ਯੁੱਗ ਬੋਧ ਦੀ ਦਵੰਦਾਤਮਕਤਾ ਨੂੰ ਪ੍ਰਗਟ ਕਰਦਾ ਹੋਇਆ ਤੇਜ਼ ਹੋਇਆ ਹੈ। ਪੁਰਾਣੇ ਘਰਾਣਿਆਂ ਦੀ ਗਾਇਕੀ ਵਿਚ ਜਾਂ ਤਾਂ ਕਿਰਤ ਪ੍ਰਕਿਰਿਆ ਤੋਂ ਪੂਰੀ ਤਰ੍ਹਾਂ ਟੁੱਟਿਆ ਲਗਾਨ ਵਸੂਲ ਕਰਕੇ ਵਿਲਾਸਤਾ ਕਰਨ ਵਾਲੇ ਜਗੀਰਦਾਰਾਂ ਦੇ ਆਨੰਦ ਦਾ ਇਕੋ-ਇਕ ਟੀਚਾ ਸੀ ਜਾਂ ਫਿਰ ਈਸ਼ਵਰੀ ਸੱਤਾ ਦੇ ਸਾਹਮਣੇ ਪੂਰਣ ਸਮਰਪਣ ਦੀ ਦਵੰਦਮੁਕਤ ਤਤਪਰਤਾ। ਇਹ ਹੀ ਉਸ ਸੰਗੀਤ ਦਾ ਭਾਵ ਪੱਖ ਸੀ ਅਤੇ ਇਹ ਹੀ ਵਿਚਾਰ ਪੱਖ। ਉੱਥੇ ਜੀਵਨ ਦੇ ਦਵੰਦ ਨਹੀਂ ਸਨ, ਭਾਵ ਤੇ ਵਿਚਾਰਾਂ ਦਾ ਦਵੰਦ ਨਹੀਂ ਸੀ। ਵਿਚਾਰਾਂ ਦੇ ਵਿਚਕਾਰ ਦਵੰਦ ਨਹੀਂ ਸੀ, ਪਰ ਇਧਰ ਕੁਝ ਅਜਿਹੇ ਰਾਗਾਂ ਦਾ ਚਲਣ ਵੀ ਦੇਖਣ ਵਿਚ ਆਇਆ ਹੈ, ਜਿਨ੍ਹਾਂ ਦੀ ਸ਼ੈਲੀ ਅਤੇ ਤਕਨੀਕ ਵਿਚ ਦਵੰਦਾਤਮਕਤਾ ਹੈ ਅਤੇ ਜੋ ਤੱਤ ਦੇ ਅੰਦਰ ਦੇ ਦਵੰਦਾਤਮਕ ਤਣਾਅ ਦਾ ਪ੍ਰਤੀਕ ਹੈ। ਪੁਰਾਣੇ ਰਾਗਾਂ ਵਿਚ ਆਮ ਤੌਰ 'ਤੇ ਉਤਰਾਂਗ ਅਤੇ ਪੂਰਵਾਂਗ ਵਿਚ ਸਮਰੂਪਤਾ ਪਾਈ ਜਾਂਦੀ ਹੈ। ਇੱਧਰ ਕੁਝ ਨਵੇਂ ਰਾਗਾਂ ਵਿਚ ਉਤਰਾਂਗ ਅਤੇ ਪੂਰਵਾਂਗ ਇਕਦਮ ਅਲੱਗ-ਅਲੱਗ ਜਾਂਦੇ ਦਿਖਾਈ ਦਿੰਦੇ ਹਨ। ਤਾਲਮੇਲ ਨਹੀਂ ਹੁੰਦਾ। ਇਸ ਤੋਂ ਇਕ ਮੁਸ਼ਕਿਲ ਸਥਿਤੀ ਦਾ ਬੋਧ ਹੁੰਦਾ ਹੈ। ਦੱਖਣ ਵਿਚ ਅਜਿਹੇ ਬਹੁਤ ਸਾਰੇ ਰਾਗ ਹਨ। ਪੰਡਿਤ ਬਾਲਾ ਸਾਹਬ ਪੂਛ ਵਾਲੇ ਦਾ ਕੁਝ ਅਜਿਹਾ ਗਾਇਨ ਹੈ। ਸਾਜ ਸੰਗੀਤ ਵਿਚ ਪੰਡਿਤ ਰਵੀ ਸ਼ੰਕਰ ਨੇ ਅਜਿਹਾ ਖੂਬ ਕੀਤਾ ਹੈ ਅਤੇ ਅਜਿਹਾ ਕਰਦੇ ਹੋਏ ਉਨ੍ਹਾਂ ਨੇ ਪੱਛਮੀ ਸ਼ਾਸਤਰੀ ਸੰਗੀਤ ਪਰੰਪਰਾ ਤੋਂ ਵੀ ਕਾਫੀ ਕੁਝ ਅਪਣਾਇਆ ਹੈ। ਅਜਿਹਾ ਸੰਗੀਤ ਸਮਰਸਤਾ ਦੀ ਬਜਾਏ ਵਿਸ਼ਮਤਾ ਬੋਧ ਪੈਦਾ ਕਰਦਾ ਹੈ। ਸਾਡੀ ਜਮਾਤੀ ਪੁਜ਼ੀਸ਼ਨ ਇਨ੍ਹਾਂ ਸੰਗੀਤਕਾਰਾਂ

ਤੋਂ ਅਲੱਗ ਹੈ, ਪਰ ਸੁਰਾਂ ਦੇ ਮਾਧਿਅਮ ਨਾਲ ਭਾਵ-ਸੰਵੇਗਾਂ ਅਤੇ ਵਿਚਾਰਾਂ ਦੇ ਦਵੰਦਾਤਮਕ ਤਨਾਅ ਅਤੇ ਸੰਘਾਤ ਨੂੰ ਪੇਸ਼ ਕਰਨ ਵਿਚ ਇਨ੍ਹਾਂ ਦੀ ਤਕਨੀਕ ਜਾਂ ਕਾਰੀਗਰੀ ਤੋਂ ਸ਼ਾਇਦ ਕੁਝ ਲਿਆ ਜਾ ਸਕਦਾ ਹੋਵੇ। ਫਿਰ ਨਵੇਂ ਪ੍ਰਯੋਗਕਰਤਾਵਾਂ ਵਿਚ ਕੁਮਾਰ ਗੰਧਰਵ ਦਾ ਗਾਇਨ ਹੈ। ਉਸ ਵਿਚ ਵੀ ਕੌਂਧ ਹੈ, ਵਿਸ਼ਮਤਾ ਬੋਧ ਹੈ, 'ਬ੍ਰੇਕਸ' ਹਨ, 'ਜੰਪਸ' ਹਨ, ਧੀਮੇ ਆਘਾਤ ਦੇ ਝਟਕੇ ਹਨ, ਜੋ ਤਰਕ ਸਹਿਤ ਸੁਣਨ ਨੂੰ ਪ੍ਰੇਰਿਤ ਕਰਦੇ ਹਨ। ਕਦੇ-ਕਦੇ ਵਿਦਰੋਹ ਨੂੰ ਉਕਸਾਉਂਦੇ ਹਨ ਬ੍ਰੇਸ਼ਟੀਯ ਅਰਥਾਂ ਵਿਚ ਅਲਿਹਦਗੀ ਪ੍ਰਭਾਵ ਪੈਦਾ ਕਰਦੇ ਹਨ। ਸਾਨੂੰ ਲਗਦਾ ਹੈ ਕਿ ਕੁਮਾਰ ਗੰਧਰਵ ਦੀ ਆਵਾਜ਼ ਸਾਡੇ ਦੇਸ਼ ਦਾ ਇਕ 'ਨਿੱਕ ਬੁਰਜੂਆ ਰੈਡੀਕਲਿਜ਼ਮ' ਦਾ ਸੂਰ ਹੈ। ਪ੍ਰੰਪਰਾਵਾਂ ਦੇ ਪ੍ਰਤੀ ਨਰਮ ਹੁੰਦੇ ਹੋਏ ਵੀ, ਜਿਨ੍ਹਾਂ ਵਿਚ ਇਕ ਸੀਮਾ ਤੱਕ ਆਲੋਚਨਾਤਮਕ ਵਿਵੇਕ ਹੈ ਅਤੇ ਲੋਕ-ਸੰਪਰਕਤਾ ਹੈ। ਕਿਤੇ-ਕਿਤੇ ਨਿਰਗੁਣ ਭਗਤੀ ਅੰਦੋਲਨ ਦੇ ਵਿਦਰੋਹੀ ਸੂਰ ਵਾਲੇ ਪੱਖ ਦਾ ਵਿਸਤਾਰ ਸਾਨੂੰ ਉਸ ਵਿਚ ਦਿਖਦਾ ਹੈ। ਉਹ ਅਸਲੀ ਅਰਥਾਂ ਵਿਚ ਜਨਤਾ ਦਾ ਸੰਗੀਤ ਭਲੇ ਹੀ ਨਾ ਕਿਹਾ ਸਕਦਾ ਹੋਵੇ, ਪਰ ਉਸ ਵਿਚ 'ਜਨ-ਸੰਗ-ਉਸ਼ਮਾ' ਦੇ ਤੱਤ ਹਨ ਅਤੇ ਉਸ ਤੋਂ ਪ੍ਰੋਲੇਤਾਰੀ ਸੰਗੀਤ ਸਿਰਜਕਾਂ ਨੂੰ ਕੁਝ ਮਿਲੇਗਾ।

(16) ਬਸਤੀਵਾਦੀ ਸਮਾਜਕ ਬਣਤਰ ਵਿਚ ਪਲੀਆਂ ਭਾਰਤੀ ਸਮਾਜਕ ਜਮਾਤਾਂ ਦੀਆਂ ਜੋ ਵੀ ਆਤਮਕ ਭੌਤਿਕ ਕਮਜ਼ੋਰੀਆਂ ਰਹੀਆਂ ਹੋਣ, ਪਰ ਉਸ ਸਮਾਜ ਦੀ ਆਪ ਮੁਹਾਰੀ ਅੰਦਰੂਨੀ ਗਤੀ ਤੋਂ ਗਹਿਰਾਉਂਦੇ ਅੰਤਰਵਿਰੋਧਾਂ ਦੇ ਸਿੱਟੇ ਵਜੋਂ ਜਦੋਂ ਕੌਮੀ ਅੰਦੋਲਨ ਨੇ ਗਤੀ ਪਕੜੀ ਜਾਂ ਸਮਾਜ ਵਿਚ ਇਕ ਨਵੀਂ ਗਤੀ ਅਤੇ ਊਰਜਾ ਦਾ ਸੰਚਾਰ ਹੋਇਆ। ਜਿਸ ਦੇ ਸੱਭਿਆਚਾਰਕ ਸਿੱਟੇ ਵੀ ਸਾਹਮਣੇ ਆਏ। ਲੋਕ ਗੀਤਾਂ ਅਤੇ ਲੋਕ ਸੰਗੀਤ ਵਿਚ ਕਿਸਾਨਾਂ ਅਤੇ ਆਦੀਵਾਸੀਆਂ ਦੇ ਪ੍ਰਤੀਰੋਧ-ਸੰਘਰਸ਼ ਦੇ ਦੌਰ ਦੀ ਇਕ ਅਮੀਰ ਵਿਰਾਸਤ ਸੀ। ਜਿਸ ਦੀ ਲਗਾਤਾਰਤਾ ਕੌਮੀ ਅੰਦੋਲਨ ਦੇ ਦੌਰਾਨ ਬਣੀ ਰਹੀ ਅਤੇ ਨਵੇਂ ਤੱਤ ਨੇ ਇਕ ਹੱਦ ਤੱਕ ਸ਼ੈਲੀ-ਸ਼ਿਲਪ ਦੇ ਧਰਾਤਲ ਵੀ ਕੁਝ ਪਰਿਵਰਤਨ ਪੈਦਾ ਕੀਤੇ। ਇਸ ਦੇ ਇਲਾਵਾ ਜੋ ਮੱਧ ਵਰਗ ਵਿਕਸਤ ਹੋਇਆ, ਉਸ ਦਾ ਵੀ ਇਕ ਤਰ੍ਹਾਂ ਦਾ ਲੋਕਪ੍ਰਿਯ, ਸੁਗਮ ਗੀਤ-ਸੰਗੀਤ ਵਿਕਸਤ ਹੋਇਆ। ਇਸ ਸੰਗੀਤ ਨੇ ਆਮ ਤੌਰ 'ਤੇ ਲੋਕ ਸ਼ੈਲੀਆਂ ਨੂੰ ਹੀ ਅਪਣਾ ਕੇ ਉਨ੍ਹਾਂ ਦਾ ਵਿਕਾਸ ਕੀਤਾ। ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਤੋਂ ਉਧਾਰ ਲੈ ਕੇ ਪਿਛਲੀ ਸਦੀ ਦੇ ਚੌਥੇ-ਪੰਜਵੇਂ ਦਹਾਕੇ ਵਿਚ ਸਿਨੇਮਾ ਸੰਗੀਤ ਨੇ ਕੌਮੀ ਸੁਰ ਦੇ ਨਾਲ ਹੀ ਆਧੁਨਿਕਤਾ ਬੋਧ ਨੂੰ ਵੀ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ ਸੀ। ਬਾਅਦ ਦੇ ਸਮੇਂ ਵਿਚ ਇਸ ਲੋਕਪ੍ਰਿਯ ਸੰਗੀਤ ਦੇ ਆਪਣੇ ਸੰਗੀਤਕ ਬਿੰਬ ਵਿਕਸਤ ਹੋਏ। ਸੱਤਵੇਂ ਦਹਾਕੇ ਵਿਚ ਇਸ ਵਿਚ ਬੀਮਾਰ ਬੁਰਜੂਆ ਪਤਨਸ਼ੀਲਤਾ ਅਤੇ ਅਲਹਿਦਗੀ ਦੇ ਸੁਰ ਪ੍ਰਧਾਨ ਹੁੰਦੇ ਗਏ, ਪਰ ਇਸ ਤੱਥ ਨੂੰ ਭੁਲਾਇਆ ਨਹੀਂ ਜਾ ਸਕਦਾ ਕਿ ਮਹਿਬੂਬ, ਸ਼ਾਂਤਾ ਰਾਮ, ਵਿਮਲ ਰਾਇ, ਰਾਜ ਕਪੂਰ ਅਤੇ ਗੁਰੂਦੱਤ ਦੀਆਂ ਫਿਲਮਾਂ ਵਿਚ ਕੌਮੀ ਜਮਹੂਰੀਅਤ ਦੇ ਨਾਲ ਹੀ 'ਰੈਡੀਕਲ' ਸੁਧਾਰਵਾਦ ਅਤੇ ਨਿੱਕ ਬੁਰਜੂਆ ਸਮਾਜਵਾਦੀ 'ਯੂਟੋਪੀਆ' ਦੇ ਜੋ ਸੂਰ ਤੇਜ਼ ਹੋਏ ਸੀ, ਉਹੀ ਸੂਰ ਇਸ ਧਾਰਾ ਦੇ ਸਿਨੇਮਾ ਦੇ ਸੰਗੀਤ ਵਿਚ ਵੀ ਸੀ। ਮਜ਼ਦੂਰ ਜਮਾਤ ਦਾ ਲੋਕਪ੍ਰਿਯ

ਸੰਗੀਤ ਉਨ੍ਹਾਂ ਦਾ ਪਿਛਲੱਗ ਤਾਂ ਹੋ ਹੀ ਨਹੀਂ ਸਕਦਾ, ਪਰ ਇਨ੍ਹਾਂ ਨੂੰ ਲੋਕਪੱਖੀ ਪਰੰਪਰਾ ਦਾ ਅੰਗ ਮੰਨ ਕੇ ਇਨ੍ਹਾਂ ਤੋਂ ਕੁਝ ਸਿੱਖ ਜ਼ਰੂਰ ਸਕਦਾ ਹੈ ਅਤੇ ਆਲੋਚਨਾਤਮਕ ਵਿਵੇਕ ਦੇ ਨਾਲ ਇਨ੍ਹਾਂ ਤੋਂ ਕੁਝ ਚੀਜ਼ਾਂ ਲੈ ਵੀ ਸਕਦਾ ਹੈ, ਪਰ ਅਜਿਹਾ ਕਰਦੇ ਸਮੇਂ ਸਾਨੂੰ ਬਹੁਤ ਜ਼ਿਆਦਾ ਹੁਸ਼ਿਆਰੀ ਦੀ ਲੋੜ ਹੋਵੇਗੀ, ਕਿਉਂਕਿ ਪੰਜਵੇਂ-ਛੇਵੇਂ-ਸੱਤਵੇਂ ਦਹਾਕੇ ਦੇ ਸਿਨੇਮਾ ਸੰਗੀਤ ਵਿਚ ਨਕਲੀ, ਵਿਗੜਿਆ, ਲੋਕ ਸੰਗੀਤ ਅਤੇ ਮੁੜ ਸੁਰਜੀਤਵਾਦੀ ਜਗੀਰੂ ਸੰਗੀਤ ਦਾ ਨਿਪੁੰਨ ਸੰਸ਼ਲੇਸ਼ਣ ਵੀ ਮੌਜੂਦ ਹੈ ਅਤੇ ਇਹੀ ਉਸ ਦਾ ਭਾਰੂ ਰੁਝਾਨ ਹੈ।

(17) ਭਾਰਤ ਵਿਚ ਖਾਸ ਕਰ ਪੰਜਵੇਂ-ਛੇਵੇਂ ਦਹਾਕੇ ਵਿਚ 'ਇਪਟਾ' ਅਤੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਸੁਨਹਿਰੀ ਦਿਨਾਂ ਵਿਚ ਕੌਮੀ ਜਮਹੂਰੀ ਇਨਕਲਾਬ ਦੀ ਭਾਵਨਾ ਅਤੇ ਦਿਸ਼ਾ ਤੋਂ ਪ੍ਰੇਰਿਤ ਲੋਕ ਗੀਤਾਂ ਅਤੇ ਗਣ ਸੰਗੀਤ ਦੀ ਧਾਰਾ ਕਾਫੀ ਮਜ਼ਬੂਤ ਹੋ ਕੇ ਉੱਭਰੀ ਸੀ। ਇਸ ਦੌਰ ਵਿਚ ਖਾਸ ਕਰਕੇ ਪੱਛਮੀ ਬੰਗਾਲ ਦੇ ਸੰਗੀਤ ਦੇ ਖੇਤਰ ਵਿਚ ਕਾਫੀ ਕੰਮ ਹੋਇਆ ਸੀ। ਸਲਿਲ ਚੌਧਰੀ ਆਦਿ ਨੇ ਪੱਛਮੀ ਕਲਾਸਕੀ ਸੰਗੀਤ ਦੀ ਪਰੰਪਰਾ ਤੋਂ ਕਾਫੀ ਕੁਝ ਲਿਆ। ਕਈ ਵਾਰ ਬੀਥੋਵਨ ਦੀਆਂ ਸਿੰਫਨੀਆਂ ਦੇ ਆਧਾਰ 'ਤੇ ਵੀ ਧੁਨਾਂ ਤਿਆਰ ਕੀਤੀਆਂ ਅਤੇ ਮਾਝੀ ਗੀਤ, ਬਾਊਲ ਸੰਗੀਤ ਆਦਿ ਦੇ ਨਾਲ ਪੱਛਮੀ ਜਮਹੂਰੀ ਸੰਗੀਤ ਦਾ ਸੰਸ਼ਲੇਸ਼ਣ ਵੀ ਕੀਤਾ। ਭੂਪੇਨ ਹਜ਼ਾਰਿਕਾ ਨੇ ਲੋਕ ਸੰਗੀਤ ਦਾ ਮੁੜ ਸੰਸਕਾਰ ਕਰਕੇ ਇਕ ਨਵੀਂ ਧਾਰਾ ਵਿਕਸਿਤ ਕੀਤੀ। ਕਾਲਿਆਂ ਦੇ ਪ੍ਰਤੀਰੋਧ ਸੰਗੀਤ (ਖਾਸ ਤੌਰ 'ਤੇ ਪਾਲ ਰੋਬਸਨ ਦੇ ਗੀਤਾਂ ਤੋਂ) ਕਾਫੀ ਕੁਝ ਗ੍ਰਹਿਣ ਕੀਤਾ ਗਿਆ। ਸਮੂਹ ਗਾਇਨ ਟੋਲੀਆਂ ਨੇ ਉਦੋਂ ਲੋਕ ਗੀਤਾਂ ਅਤੇ ਗਣ ਸੰਗੀਤ ਦੇ ਖੇਤਰ ਵਿਚ ਕਾਫੀ ਪ੍ਰਯੋਗ ਕੀਤੇ, ਪਰ ਇਹ ਪ੍ਰਯੋਗ ਪਰੰਪਰਾ ਬਹੁਤ ਜਲਦੀ ਹੀ ਸੰਤ੍ਰਿਪਤ ਬਿੰਦੂ ਤੱਕ ਜਾ ਪਹੁੰਚੀ। ਖੜੋਤ ਦੀ ਹਾਲਤ ਵਿਚ ਆ ਗਈ, ਇਨ੍ਹਾਂ ਵਿਚ ਸੁਧਾਰਵਾਦੀ, ਸਮਾਜਿਕ, ਜਮਹੂਰੀ ਰੁਝਾਨ ਜ਼ੋਰ ਫੜ ਗਏ ਅਤੇ ਇਥੋਂ ਤੱਕ ਕਿ ਲੋਕਰੰਜਕ ਬੁਰਜੂਆ ਪਤਨਸ਼ੀਲਤਾ ਇਸ ਹੱਦ ਤੱਕ ਵਧਦੀ ਚਲੀ ਗਈ ਕਿ ਇਸ ਸੰਗੀਤ ਅੰਦੋਲਨ ਦੇ ਕਈ ਸਿਰਕੱਢ, ਬੁਰਜੂਆ ਸਿਨੇਮਾ ਸੰਗੀਤ ਦੀ ਆਮ ਹਸਤੀ ਦੇ ਰੂਪ ਵਿਚ ਸਥਾਪਿਤ ਹੋ ਗਏ। ਇਸ ਪਤਨ ਦੇ ਮੁੱਖ ਕਾਰਨ ਕਮਿਊਨਿਸਟ ਲਹਿਰ ਦੀ ਵਿਚਾਰਕ ਕਮਜ਼ੋਰੀ, ਅਸਫਲਤਾਵਾਂ ਦੇ ਸਿਲਸਿਲੇ ਅਤੇ ਤਿਲੰਗਾਨਾ ਕਿਸਾਨ ਸੰਘਰਸ਼ ਦੇ ਬਾਅਦ ਸੋਧਵਾਦੀ ਕੁਰਾਹੇ ਵਿਚ ਲੁਕੇ ਸਨ। ਇਸੇ ਵਿਚਾਰਧਾਰਕ ਕਮਜ਼ੋਰੀ ਦੇ ਚੱਲਦੇ ਸੱਭਿਆਚਾਰਕ ਲਹਿਰ ਵਿਚ ਪ੍ਰੋਲੇਤਾਰੀ ਸੰਗੀਤ ਦੀ ਵਿਚਾਰਕ ਸਮਝ ਵੀ ਕਮਜ਼ੋਰ ਦਿਖਾਈ ਦਿੰਦੀ ਹੈ। 'ਇਪਟਾ' ਅਤੇ ਪ੍ਰਲੇਸ ਦੇ ਉਸ ਦੌਰ ਦੇ ਦਸਤਾਵੇਜ਼ਾਂ ਅਤੇ ਸਾਹਿਤ ਤੋਂ ਅਜਿਹਾ ਨਹੀਂ ਲੱਗਦਾ ਕਿ ਖੱਬੇ ਪੱਖੀ ਸੰਗੀਤ ਅੰਦੋਲਨ ਵਿਚ, ਤੀਜੇ-ਚੌਥੇ ਦਹਾਕੇ ਵਿਚ ਯੂਰਪ ਅਤੇ ਅਮਰੀਕਾ ਦੇ ਪ੍ਰੋਲੇਤਾਰੀ ਸੰਗੀਤ ਅੰਦੋਲਨ ਦੇ ਬਹੁਪੱਖੀ ਪ੍ਰਯੋਗਾਂ ਅਤੇ ਵਿਚਾਰਕ ਨੁਕਤਿਆਂ ਦਾ ਅਧਿਐਨ ਕੀਤਾ ਗਿਆ ਸੀ ਜਾਂ ਉਸ ਤੋਂ ਕੁਝ ਸਿੱਖਿਆ ਗਿਆ ਸੀ। ਇਸੇ ਤਰ੍ਹਾਂ ਸੋਵੀਅਤ ਸੰਘ ਵਿਚ ਲੋਕਪ੍ਰਿਯ ਪ੍ਰੋਲੇਤਾਰੀ ਸੰਗੀਤ ਅਤੇ ਪ੍ਰੋਲੇਤਾਰੀ ਸ਼ਾਸਤਰੀ ਸੰਗੀਤ ਨੂੰ ਲੈ ਕੇ ਜੋ ਪ੍ਰਯੋਗ ਹੋਏ ਸਨ ਅਤੇ ਜੋ ਬਹਿਸਾਂ ਚੱਲੀਆਂ ਸਨ, ਉਨ੍ਹਾਂ ਤੋਂ ਵੀ ਲਗਪਗ ਅਣਜਾਣਤਾ ਵਰਗੀ ਸਥਿਤੀ ਮੌਜੂਦ ਸੀ। ਇਸ ਲਈ ਪ੍ਰਗਤੀਸ਼ੀਲ ਸੰਗੀਤ ਅੰਦੋਲਨ ਦੇ ਇਸ ਸੁਨਹਿਰੀ ਦੌਰ ਵਿਚ ਵੀ

ਲੋਕ ਗੀਤਾਂ ਅਤੇ ਗਣ ਸੰਗੀਤ ਵਿਚ ਦਵੰਦਵਾਦੀ ਸੋਚ ਦੀ ਬਜਾਏ ਅਨੁਭਵਿਕ 'ਰੈਡੀਕਲਿਜ਼ਮ' ਭਾਰੂ ਦਿਸਦਾ ਹੈ। ਸੰਗੀਤ ਵਿਚ ਵਿਚਾਰ ਤੱਤ ਦੀ ਜਗ੍ਹਾ ਭਾਵਨਾਤਮਕ ਆਵੇਸ਼ ਅਤੇ ਆਵੇਗ ਦਾ ਪੱਖ ਇਕ ਪਾਸੜ ਢੰਗ ਨਾਲ ਹਾਵੀ ਦਿਖਾਈ ਦਿੰਦਾ ਹੈ। ਦਵੰਦਾਤਮਕਤਾ ਗਾਇਬ ਦਿਖਾਈ ਦਿੰਦੀ ਹੈ। ਆਮ ਤੌਰ 'ਤੇ ਨਿੱਕ ਬੁਰਜੂਆ ਯੂਟੋਪਿਆਈ ਸਮਾਜਵਾਦੀ ਸੋਚ, ਜਗੀਰਦਾਰੀ ਵਿਰੋਧ ਦੀ ਕਿਸਾਨੀ ਜ਼ਮੀਨ (ਬੁਰਜੂਆ), ਕੌਮਵਾਦ ਦੀ ਜ਼ਮੀਨ ਤੋਂ ਸਾਮਰਾਜਵਾਦ-ਵਿਰੋਧ ਅਤੇ ਅਤੀਤ ਦੇ ਲੋਕਜੀਵਨ ਦੀ ਸਮੂਹਕਤਾ-ਰਾਗਾਤਮਕਤਾ ਤੋਂ ਪ੍ਰੇਰਿਤ ਪੂੰਜੀਵਾਦ-ਵਿਰੋਧ ਦਾ ਰੁਝਾਨ ਉਸ ਦੌਰ ਦੇ ਲੋਕ-ਪੱਖੀ ਸੰਗੀਤ ਉੱਪਰ ਹਾਵੀ ਦਿਖਾਈ ਦਿੰਦਾ ਹੈ। ਫਿਰ ਵੀ ਕਿਉਂਕਿ ਉਹ ਦੌਰ ਜਗੀਰਦਾਰੀ ਸਾਮਰਾਜ ਵਿਰੋਧੀ ਕੌਮੀ ਜਮਹੂਰੀ ਇਨਕਲਾਬ ਦਾ ਦੌਰ ਸੀ, ਇਸ ਲਈ ਉਪਰੋਕਤ ਭਟਕਾਵਾਂ ਦੇ ਬਾਵਜੂਦ ਪ੍ਰਗਤੀਸ਼ੀਲ ਸੰਗੀਤ ਲਹਿਰ ਦੀ ਭੂਮਿਕਾ ਪ੍ਰਭਾਵੀ ਢੰਗ ਨਾਲ ਇਨਕਲਾਬੀ ਸਿੱਧ ਹੋਈ। ਅੱਜ ਜਦੋਂ ਮਜ਼ਦੂਰ ਜਮਾਤ ਦੇ ਸੰਗੀਤ ਅੰਦੋਲਨ ਨੂੰ ਨਵੇਂ ਸਿਰੇ ਤੋਂ, ਨਵੀਂ ਜ਼ਮੀਨ 'ਤੇ ਅਸੀਂ ਫਿਰ ਤੋਂ ਖੜ੍ਹਾ ਕਰਨ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਪੰਜਵੇਂ-ਛੇਵੇਂ ਦਹਾਕੇ ਦੇ ਪ੍ਰਗਤੀਸ਼ੀਲ ਸੰਗੀਤ ਅੰਦੋਲਨ ਦੀ ਪਰੰਪਰਾ ਵੱਲ ਮੁੜ ਗੌਰ ਕਰਨਾ ਹੋਵੇਗਾ। ਉਸ ਤੋਂ ਕੁਝ ਚੀਜ਼ਾਂ ਸਿੱਖੀਆਂ ਜਾ ਸਕਦੀਆਂ ਹਨ, ਬਸ਼ਰਤੇ ਕਿ ਉਸ ਦੀਆਂ ਵਿਚਾਰਧਾਰਕ ਕਮਜ਼ੋਰੀਆਂ ਦੀ ਅਤੇ ਬੁਰਜੂਆ, ਨਿੱਕ ਬੁਰਜੂਆ ਅਤੇ ਲੋਕਵਾਦੀ ਭਟਕਾਵਾਂ ਦੀ ਅਣਦੇਖੀ ਨਾ ਕੀਤੀ ਜਾਵੇ।

(18) ਉਸ ਦੌਰ ਦੇ ਸੰਗੀਤ ਤੋਂ ਸਿੱਖਦੇ ਸਮੇਂ ਸਾਨੂੰ ਇਸ ਗੱਲ ਦਾ ਖਾਸ ਖਿਆਲ ਰੱਖਣਾ ਹੋਏਗਾ ਕਿ ਸਾਡਾ ਸਮਾਂ ਉਸ ਸਮੇਂ ਤੋਂ ਕਾਫੀ ਵੱਖਰਾ ਹੈ। ਇਕ ਕ੍ਰਮਿਕ ਪ੍ਰਕਿਰਿਆ ਵਿਚ ਸਮਾਜ ਦਾ ਪੂੰਜੀਵਾਦੀਕਰਣ ਹੋਇਆ ਹੈ। ਭੂਮੀ ਦੇ ਮਾਲਿਕਾਨੇ ਦਾ ਸਵਾਲ ਹੱਲ ਹੋਇਆ ਹੈ। ਪਿੰਡਾਂ ਵਿਚ ਵੀ ਪੂੰਜੀ ਅਤੇ ਕਿਰਤ ਵਿਚਕਾਰ ਅੰਤਰ ਵਿਰੋਧ ਪ੍ਰਧਾਨ ਬਣ ਗਿਆ ਹੈ। ਇਜਾਰੇਦਾਰ ਵਿੱਤੀ ਪੂੰਜੀ ਦੀ ਪਕੜ ਸਮਾਜ ਦੇ ਹਰ ਭਾਗ ਵਿਚ ਪੱਸਰ ਗਈ ਹੈ। ਜਗੀਰੂ ਲਗਾਨ ਨਹੀਂ ਬਲਕਿ ਪੂੰਜੀ ਅੱਜ ਛੋਟੇ ਮਾਲਕ ਕਿਸਾਨਾਂ ਨੂੰ ਉਜਾੜ ਰਹੀ ਹੈ, ਕਿਸਾਨ ਆਬਾਦੀ ਦਾ ਤਿੱਖਾ ਵਿਭੇਦੀਕਰਣ ਹੋਇਆ ਹੈ। ਉਦਯੋਗਾਂ ਦਾ ਫੈਲਾਉ ਹੋਇਆ ਹੈ। ਮੱਧਵਰਗ ਦਾ ਵਿਸਤਾਰ ਹੋਇਆ ਹੈ। ਜਿਣਸ ਪੈਦਾਵਾਰ ਪ੍ਰਮੁੱਖ ਰੁਝਾਨ ਬਣ ਗਿਆ ਹੈ ਅਤੇ ਸਪੱਸ਼ਟ ਕੌਮੀ ਬਾਜ਼ਾਰ ਉਸਾਰਿਆ ਹੈ। ਭਾਰਤੀ ਪੂੰਜੀਵਾਦ ਸਾਮਰਾਜਵਾਦੀ ਸੰਸਾਰ ਦੇ ਚੌਧਰੀਆਂ ਦੀ ਅਧੀਨਗੀ ਦੇ ਬਾਵਜੂਦ ਲੱਗਪੱਗ ਚਾਰ ਦਹਾਕਿਆਂ ਤੱਕ ਉਨ੍ਹਾਂ ਦੇ ਆਪਸੀ ਅੰਤਰਵਿਰੋਧਾਂ ਦਾ ਲਾਭ ਉਠਾਉਂਦੇ ਹੋਏ ਆਪਣੀ ਆਰਥਕ ਵਿਕਲਪਾਂ ਦੀ ਚੋਣ ਦੀ ਸਾਪੇਖਕ ਆਜ਼ਾਦੀ ਘੱਟ-ਵੱਧ ਬਚਾ ਕੇ ਰੱਖ ਸਕਿਆ ਅਤੇ ਪਬਲਿਕ ਸੈਕਟਰ ਖੜ੍ਹਾ ਕਰਕੇ ਜਨਤਾ ਨੂੰ ਨਿਚੋੜ ਕੇ ਪੂੰਜੀਵਾਦੀ ਅਰਥ ਤੰਤਰ ਨੂੰ ਵਿਕਸਤ ਕਰਦਾ ਰਿਹਾ ਸੀ। ਹੁਣ ਇਹ ਰਸਤਾ ਅੱਗੇ ਬੰਦ ਹੈ। ਦੇਸੀ ਪੂੰਜੀਵਾਦ ਦੇ ਅੰਦਰੂਨੀ ਸੰਕਟ ਅਤੇ ਸੰਸਾਰ ਪੂੰਜੀਵਾਦ ਦੇ ਢਾਂਚਾਗਤ ਸੰਕਟ ਤੋਂ ਪੈਦਾ ਹੋਏ ਦੋਹਰੇ ਦਬਾਅ ਨੇ ਉਦਾਰੀਕਰਨ-ਨਿੱਜੀਕਰਨ ਦੇ ਵਰਤਮਾਨ ਦੌਰ ਦੀ ਸ਼ੁਰੂਆਤ ਕੀਤੀ ਹੈ। ਇਹ ਸੰਸਾਰ ਪੱਧਰ 'ਤੇ ਵਿਸ਼ਵੀਕਰਨ ਦਾ ਦੌਰ ਹੈ। ਸਾਡੇ ਦੇਸ਼ ਵਿਚ ਅੱਜ ਧਰੁਵੀਕਰਣ ਪਹਿਲਾਂ ਹਮੇਸ਼ਾ ਤੋਂ ਵਧੇਰੇ ਸਪੱਸ਼ਟ ਹੈ। ਕਿਰਤ ਅਤੇ ਪੂੰਜੀ ਦੀਆਂ ਤਾਕਤਾਂ

ਅੱਜ ਇਕਦਮ ਆਹਮਣੇ-ਸਾਹਮਣੇ ਖੜ੍ਹੀਆਂਹਨ। ਇਹ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਨਵੇਂ ਸਮਾਜਵਾਦੀ ਇਨਕਲਾਬ ਦਾ ਦੌਰ ਹੈ। ਅਕਤੂਬਰ ਇਨਕਲਾਬ ਦਾ ਦੂਜਾ ਐਡੀਸ਼ਨ ਹੁਣ ਅਜਿਹੇ ਹੀ ਨਵੇਂ ਸਮਾਜਵਾਦੀ ਇਨਕਲਾਬ ਦੇ ਰੂਪ ਵਿਚ ਹੋਂਦ ਵਿਚ ਆਏਗਾ। ਇਹ ਇਕ ਲੰਮੀ ਚਰਚਾ ਦਾ ਵਿਸ਼ਾ ਹੈ। ਇਥੇ ਅਸੀਂ ਇਹ ਅਤਿਅੰਤ ਗੈਰ-ਤਸੱਲੀਬਖਸ਼ ਅਤੀ ਸੰਖੇਪ ਚਰਚਾ ਇਸ ਲਈ ਕਰ ਰਹੇ ਹਾਂ ਕਿ ਸੰਗੀਤ ਦੇ ਖੇਤਰ ਦੀਆਂ ਸਮਕਾਲੀਨ ਚੁਣੌਤੀਆਂ ਅਤੇ ਬਦਲੀਆਂ ਹੋਈਆਂ ਜ਼ਿੰਮੇਵਾਰੀਆਂ ਨੂੰ ਸਮਝਿਆ ਜਾਏ। ਅੱਜ ਸਾਡੀ ਲੜਾਈ ਕੌਮੀ ਜਮਹੂਰੀ ਸਾਹਿਤ-ਕਲਾ-ਸੰਗੀਤ-ਸੱਭਿਆਚਾਰ ਦੀ ਨਹੀਂ ਸਗੋਂ ਪ੍ਰੋਲੇਤਾਰੀ ਸਾਹਿਤ-ਕਲਾ-ਸੰਗੀਤ-ਸੱਭਿਆਚਾਰ ਦੀ ਹੈ। ਜਮਹੂਰੀਅਤ ਦਾ ਸਵਾਲ ਇਸੇ ਅੰਦਰ ਸਿਮਟ ਗਿਆ ਹੈ। ਸਾਮਰਾਜਵਾਦ ਦੇ ਨਾਲ ਦੇਸੀ ਪੂੰਜੀ ਦਾ ਹਰ ਹਿੱਸਾ ਜੁੜ ਚੁੱਕਿਆ ਹੈ। ਸਾਮਰਾਜਵਾਦ ਦੇ ਵਿਰੁੱਧ ਕੌਮਵਾਦ ਦਾ ਨਾਅਰਾ ਨਹੀਂ ਬਲਕਿ ਦੇਸੀ ਵਿਦੇਸ਼ੀ ਪੂੰਜੀ ਦੇ ਵਿਰੁੱਧ ਸਮਾਜਵਾਦ ਦਾ ਨਾਅਰਾ ਅੱਜ ਦਾ ਨਾਅਰਾ ਹੈ। ਸਮੁੱਚੇ ਪੂੰਜੀਵਾਦ ਦੀ ਮਾਨਵਧਰੋਹੀ ਸੰਸਕ੍ਰਿਤੀ ਦੇ ਵਿਰੁੱਧ ਕਿਰਤ ਦੀ ਸੰਸਕ੍ਰਿਤੀ ਦਾ ਨਾਅਰਾ ਅੱਜ ਦਾ ਨਾਅਰਾ ਹੈ। ਪੂੰਜੀ ਦੇ ਵਿਸ਼ਵੀਕਰਨ ਦੇ ਵਿਰੁੱਧ ਕਿਰਤ ਦੇ ਵਿਸ਼ਵੀਕਰਨ ਦਾ ਨਾਅਰਾ ਅੱਜ ਦਾ ਨਾਅਰਾ ਹੈ। ਜੇਕਰ ਕੇਵਲ ਬਾਹਰਮੁਖੀ ਹਾਲਤਾਂ ਦੀ ਗੱਲ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ 'ਦੁਨੀਆਂ' ਦੇ ਮਜ਼ਦੂਰੋ ਇਕ ਹੋ ਜਾਓ' ਦੇ ਨਾਅਰੇ ਦੇ ਮਨਜ਼ੂਰ ਹੋਣ ਦੀ ਜ਼ਮੀਨ ਅੱਜ ਜ਼ਿਆਦਾ ਤਿਆਰ ਹੈ। ਨਿੱਜੀ ਮਾਲਿਕਾਨੇ ਦੇ ਵਿਰੁੱਧ ਪ੍ਰਚਾਰ ਦੀ ਸਥਿਤੀ ਹੁਣ ਜ਼ਿਆਦਾ ਅਨੁਕੂਲ ਹੋ ਚੁੱਕੀ ਹੈ ਕਿਉਂਕਿ ਹਰ ਪੱਧਰ 'ਤੇ ਧਰੁਵੀਕਰਣ ਦੀ ਜੋ ਤੇਜ਼ ਪ੍ਰਕਿਰਿਆ ਜਾਰੀ ਹੈ, ਉਹ ਹੁਣ ਨਾ ਪਰਤਣਯੋਗ ਹੈ। ਕੇਨਜ਼ ਦੇ ਫਾਰਮੂਲੇ ਹੁਣ ਬੇਕਾਰ ਹੋ ਚੁੱਕੇ ਹਨ। ਸਮਾਜਿਕ ਜਮਹੂਰੀਅਤ ਦੇ ਘੜੇ ਦਾ ਅੰਮ੍ਰਿਤ ਵੀ ਹੁਣ ਸੁੱਕ ਚੱਲਿਆ ਹੈ। ਸੰਸਾਰ ਪੂੰਜੀਵਾਦ ਦੇ ਇਤਿਹਾਸ ਦੀਆਂ ਇਨ੍ਹਾਂ ਬਦਲੀਆਂ ਹੋਈਆਂ ਹਾਲਤਾਂ ਨੂੰ ਨਵੇਂ ਪ੍ਰੋਲੇਤਾਰੀ ਸੰਗੀਤ-ਸੱਭਿਆਚਾਰ ਦੇ ਭਾਵੀ ਨਿਰਮਾਤਾਵਾਂ ਨੂੰ ਵੀ ਚੰਗੀ ਤਰ੍ਹਾਂ ਸਮਝਣਾ ਹੋਵੇਗਾ। ਫਿਰ ਹੀ ਉਹ ਆਪਣੀਆਂ ਜ਼ਿੰਮੇਵਾਰੀਆਂ ਤੈਅ ਕਰ ਸਕਣਗੇ। ਕੌਮੀ ਜਮਹੂਰੀ ਇਨਕਲਾਬ ਦੇ ਦੌਰ ਦਾ ਇਨਕਲਾਬੀ ਸੰਗੀਤ ਅੰਦੋਲਨ ਜੇਕਰ ਉੱਪਰ ਦਿੱਤੀਆਂ ਸੀਮਾਵਾਂ-ਕਮਜ਼ੋਰੀਆਂ-ਭਟਕਾਵਾਂ ਤੋਂ ਮੁਕਤ ਵੀ ਹੁੰਦਾ ਤਾਂ ਵੀ ਅੱਜ ਦੇ ਨਵੇਂ ਦੌਰ ਵਿਚ ਉਸ ਤੋਂ ਬਹੁਤ ਜ਼ਿਆਦਾ ਚੀਜ਼ਾਂ, ਪ੍ਰਯੋਗ ਦੀ ਵਿਰਾਸਤ ਦੇ ਤੌਰ 'ਤੇ ਨਹੀਂ ਮਿਲਦੀਆਂ। ਹਾਂ, ਇਕ ਵਿਚਾਰਧਾਰਕ ਦਿਸ਼ਾ ਅਤੇ ਪ੍ਰੋਲੇਤਾਰੀ ਤੱਤ ਜ਼ਰੂਰ ਮਿਲਦੇ। ਅੱਜ ਅਸੀਂ ਮਜ਼ਦੂਰ ਜਮਾਤ ਦਾ ਜੋ ਇਨਕਲਾਬੀ ਸੰਗੀਤ ਘੜਨਾ ਹੈ, ਉਹ ਪੂੰਜੀ ਦੇ ਭੌਤਿਕ-ਆਤਮਕ ਗਲਬੇ ਦੇ ਹਰ ਪੱਖ ਦੀ ਆਲੋਚਨਾ ਕਰੇਗਾ। ਨਿੱਜੀ ਮਾਲਿਕਾਨੇ ਦੀ ਨੈਤਿਕਤਾ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰੇਗਾ। ਛੋਟੇ ਕਿਸਾਨਾਂ ਦੀ ਉੱਜੜਦੀ ਆਬਾਦੀ ਦੀ ਮਾਲਕੀ ਵਾਲੀ ਮਾਨਸਿਕਤਾ ਉੱਪਰ ਸੱਟ ਮਾਰਦੇ ਹੋਏ ਉਨ੍ਹਾਂ ਨੂੰ ਸਮਝਾਏਗਾ ਕਿ ਮਜ਼ਦੂਰ ਜਮਾਤ ਦੇ ਨਾਲ ਖੜ੍ਹਾ ਹੋ ਕੇ ਸਮਾਜਵਾਦ ਦੇ ਲਈ ਲੜਨਾ ਹੀ ਉਨ੍ਹਾਂ ਲਈ ਇਕੋ-ਇਕ ਵਿਕਲਪ ਹੈ। ਉਹ ਮੱਧ ਵਰਗ ਦੇ ਕੁੱਲ ਬੁਰਜੂਆ ਭਰਮਾਂ 'ਤੇ ਸੱਟ ਮਾਰੇਗਾ ਅਤੇ ਗਲਬਾ ਪਾਊ ਬਾਜ਼ਾਰ-ਸੰਸਕ੍ਰਿਤੀ ਅਤੇ ਪੂੰਜੀ ਦੀ ਨਿਰੰਕੁਸ਼, ਸਰਵਸੱਤਾਵਾਦੀ ਅਤੇ ਨਵਫਾਸੀਵਾਦੀ ਮੁੜ-

ਸੁਰਜੀਤੀਵਾਦੀ ਸੱਭਿਆਚਾਰਕ ਰੁਝਾਨਾਂ ਦੇ ਖਿਲਾਫ ਫੈਸਲਾਕੁੰਨ ਸੰਘਰਸ਼ ਲਈ ਲੋਕਾਂ ਨੂੰ ਤਿਆਰ ਕਰੇਗਾ।

(19) ਵਰਤਮਾਨ ਹਾਲਤਾਂ ਵਿਚ ਮੌਜੂਦ ਕੌਮਾਂਤਰੀਵਾਦ ਦੇ ਮਜ਼ਬੂਤ ਵਿਆਪਕ ਭੌਤਿਕ ਆਧਾਰ ਕਾਰਨ ਅਤੇ ਆਪਣੀਆਂ ਉਪਰੋਕਤ ਜ਼ਿੰਮੇਵਾਰੀਆਂ ਦੀ ਦ੍ਰਿਸ਼ਟੀ ਤੋਂ ਸਾਨੂੰ ਪ੍ਰੋਲੇਤਾਰੀ ਸੱਭਿਆਚਾਰ ਦੀ ਵਿਸ਼ਵ ਵਿਰਾਸਤ ਤੋਂ ਅੱਜ ਪਹਿਲਾਂ ਦੇ ਦੌਰਾਂ ਦੇ ਮੁਕਾਬਲੇ ਕਾਫੀ ਕੁਝ ਲੈਣਾ ਅਤੇ ਸਿੱਖਣਾ ਹੈ। ਤੀਜੇ–ਚੌਥੇ ਦਹਾਕੇ ਦਾ ਯੂਰਪੀ ਪ੍ਰੋਲੇਤਾਰੀ ਸੰਗੀਤ ਅੰਦੋਲਨ ਅਤੇ ਸੋਵੀਅਤ ਪ੍ਰਯੋਗ ਅੱਜ ਸਾਡੇ ਲਈ ਨਵੇਂ ਸਿਰੇ ਤੋਂ ਬਹੁਤ ਜ਼ਿਆਦਾ ਮਹੱਤਵ ਵਾਲੇ ਹੋ ਚੁੱਕੇ ਹਨ।

(20) ਸੰਗੀਤ ਦੇ ਖੇਤਰ ਵਿਚ ਵੀ ਮਜ਼ਦੂਰ ਜਮਾਤ ਦਾ ਕੌਮਾਂਤਰੀਵਾਦੀ ਰੁਖ਼ ਬਹੁਤ ਸੌੜਾ ਨਹੀਂ ਹੋਣਾ ਚਾਹੀਦਾ। ਦੂਜੇ ਦੇਸ਼ਾਂ ਦੇ ਪ੍ਰੋਲੇਤਾਰੀ ਸੰਗੀਤ ਤੋਂ ਇਲਾਵਾ ਸਾਨੂੰ ਇਨਕਲਾਬੀ ਬੁਰਜੂਆ ਸੰਗੀਤ ਦੀ ਪਰੰਪਰਾ ਨੂੰ ਨਵੇਂ ਸਿਰੇ ਤੋਂ ਰਿੜਕਣਾ ਹੋਵੇਗਾ। ਦੁਨੀਆ ਵਿਚ ਤਰ੍ਹਾਂ–ਤਰ੍ਹਾਂ ਦੇ ਪ੍ਰਤੀਰੋਧ ਸੰਗੀਤ ਅਤੇ ਵਿਦਰੋਹੀ ਸੰਗੀਤ ਮੌਜੂਦ ਹਨ। ਜਿਵੇਂ ਕਿਸਾਨ ਸੰਘਰਸ਼ਾਂ ਦਾ ਸੰਗੀਤ, ਲੋਕ ਉਭਾਰਾਂ ਅਤੇ ਕੌਮ ਮੁਕਤੀ ਜੰਗਾਂ ਦੇ ਦੌਰ ਦਾ ਅਫਰੀਕੀ ਅਤੇ ਲਾਤੀਨੀ ਅਮਰੀਕੀ ਸੰਗੀਤ, ਅਮਰੀਕੀ ਕਾਲਿਆਂ ਦਾ ਵਿਦਰੋਹੀ ਸੰਗੀਤ, ਨਾਗਰਿਕ ਅਧਿਕਾਰ ਅੰਦੋਲਨ ਅਤੇ ਇਸਤਰੀ ਅੰਦੋਲਨ ਦੇ ਗੀਤ ਵਗੈਰਾ–ਵਗੈਰਾ। ਇਨ੍ਹਾਂ ਤੋਂ ਸਾਨੂੰ ਕਾਫੀ ਕੁਝ ਮਿਲ ਸਕਦਾ ਹੈ ਬਸ਼ਰਤੇ ਅਸੀਂ ਯਾਦ ਰੱਖੀਏ ਕਿ ਪ੍ਰਤੀਰੋਧ ਸੰਗੀਤ ਪ੍ਰੋਲੇਤਾਰੀ ਸੰਗੀਤ ਦਾ ਬਦਲ ਜਾਂ ਆਦਰਸ਼ ਨਹੀਂ ਹੋ ਸਕਦਾ। ਨਿੱਕ ਬੁਰਜੂਆ 'ਰੈਡੀਕਲਿਜ਼ਮ' ਨੂੰ ਪ੍ਰੋਲੇਤਾਰੀ ਇਨਕਲਾਬੀਪਣ ਸਮਝ ਬੈਠਣ ਦੀ ਭੁੱਲ ਸੰਗੀਤ ਵਿਚ ਵੀ ਓਨੀ ਹੀ ਨੁਕਸਾਨਦੇਹ ਹੋਵੇਗੀ ਜਿੰਨੀ ਕਿ ਰਾਜਨੀਤੀ ਵਿਚ।

(21) ਕੌਮਾਂਤਰੀਵਾਦੀ ਪੋਜੀਸ਼ਨ 'ਤੇ ਬਲ ਅਤੇ ਕੌਮਾਂਤਰੀ ਵਿਰਾਸਤ ਬਾਰੇ ਚਰਚਾ ਦੇ ਵਿਸਤਾਰ ਨਾਲ ਕੋਈ ਗਲਤਫਹਿਮੀ ਪੈਦਾ ਨਾ ਹੋਵੇ, ਇਸ ਲਈ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਕਿਸੇ ਵੀ ਦੇਸ਼ ਵਿਚ ਪ੍ਰੋਲੇਤਾਰੀ ਸੱਭਿਆਚਾਰ ਦਾ ਆਪਣਾ ਇਕ ਵਿਸ਼ਿਸ਼ਟ ਦੇਸੀ ਖਾਸਾ, ਸੁਭਾਅ ਅਤੇ ਸਰੂਪ ਹੁੰਦਾ ਹੈ। ਇਹ ਹੋਵੇਗਾ ਹੀ ਕਿਉਂਕਿ ਦੇਸ਼–ਵਿਦੇਸ਼ ਦੇ ਇਤਿਹਾਸ ਦੀਆਂ ਵਿਸ਼ਿਸ਼ਟਤਾ ਦੀਆਂ ਹਜ਼ਾਰਾਂ ਸਾਲ ਡੂੰਘੀਆਂ ਜੜ੍ਹਾਂ ਹੁੰਦੀਆਂ ਹਨ ਜੋ ਸੱਭਿਆਚਾਰਕ ਵਰਤਾਉ ਅਤੇ ਯਾਦਾਂ ਵਿਚ ਸੁਰੱਖਿਅਤ ਰਹਿੰਦੀਆਂ ਹਨ। ਇਸ ਲਈ ਪ੍ਰੋਲੇਤਾਰੀ ਸੰਗੀਤ ਦੇ ਸ੍ਰੋਤਾਂ ਅਤੇ ਵਿਰਾਸਤ ਦੀ ਗੱਲ ਕਰਦੇ ਹੋਏ ਅਤੇ ਪਰੰਪਰਾਵਾਂ ਤੋਂ ਸਿੱਖਦੇ ਹੋਏ ਸਾਡਾ ਜ਼ੋਰ ਹਮੇਸ਼ਾ ਭਾਰਤੀ ਜਨਤਾ ਦੀਆਂ ਆਪਣੀਆਂ ਸੱਭਿਆਚਾਰਕ ਪਰੰਪਰਾਵਾਂ 'ਤੇ ਹੀ ਹੋਣਾ ਚਾਹੀਦਾ ਹੈ। ਦੇਸ਼ ਵਿਚਲੀਆਂ ਜੜਾਂ ਸਾਡਾ ਆਧਾਰ ਹੋਣਗੀਆਂ। ਕੌਮਾਂਤਰੀਵਾਦੀ ਪ੍ਰੋਲੇਤਾਰੀ ਸੰਗੀਤ ਦੇ ਸੰਸਾਰ ਮਨੁੱਖਤਾਵਾਦੀ ਪਰਿਪੇਖ ਅਤੇ ਭਵਿੱਖਮਈ ਯਾਤਰਾ ਦੀ ਨਿਰਦੇਸ਼ਕ ਤਾਕਤ ਹੋਏਗਾ।

(22) ਸਾਡੇ ਦੇਸ਼ ਵਿਚ 1967 ਦੇ ਨਕਸਲਬਾੜੀ ਕਿਸਾਨ ਉਭਾਰ ਦੇ ਪ੍ਰਭਾਵ ਵਿਚ ਜੋ ਇਨਕਲਾਬੀ ਖੱਬੇਪੱਖੀ ਸੱਭਿਆਚਾਰਕ ਅੰਦੋਲਨ ਸੱਤਰ ਦੇ ਦਹਾਕੇ ਵਿਚ ਪ੍ਰਵਾਨ ਚੜ੍ਹਿਆ

ਅਤੇ ਖਿੰਡਾਅ ਅਤੇ ਸੰਕਟਾਂ ਦੇ ਬਾਵਜੂਦ ਜੋ ਸਿਲਸਿਲਾ ਅੱਜ ਤੱਕ ਜਾਰੀ ਹੈ, ਉਸ ਦੇ ਸੰਗੀਤ ਅੰਦੋਲਨ ਵਾਲੇ ਪੱਖ ਦੀਆਂ ਵੱਖ-ਵੱਖ ਕਮਜ਼ੋਰੀਆਂ ਉੱਪਰ ਚਰਚਾ ਕੀਤੀ ਜਾ ਚੁੱਕੀ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਪਿਛਲੇ ਤਿੰਨ ਦਹਾਕਿਆਂ ਵਿਚ ਪ੍ਰੋਲੇਤਾਰੀ ਇਨਕਲਾਬੀ ਸੰਗੀਤ ਦੀ ਧਾਰਾ ਵਿਚਾਰਕ ਅਤੇ ਕਲਾਤਮਕ ਨਜ਼ਰੀਏ ਤੋਂ ਏਨੀ ਕਮਜ਼ੋਰ ਰਹੀ ਕਿ ਪੰਜਵੇਂ-ਛੇਵੇਂ ਦਹਾਕੇ ਦੀਆਂ ਉਚਾਈਆਂ ਤੱਕ ਵੀ ਨਹੀਂ ਪਹੁੰਚ ਸਕੀ ਅਤੇ ਕਦੇ-ਕਦੇ ਤਾਂ ਉਸ ਦਾ ਦੁਹਰਾਓ ਜਾਂ ਸਿਰਫ਼ ਪਿੱਛਾ ਹੀ ਕਰਦੀ ਰਹੀ। ਹਾਂ ਇਸ ਦੇ ਤੇਵਰ ਜ਼ਿਆਦਾ ਜੁਝਾਰੂ ਸਨ ਅਤੇ ਪਹੁੰਚ ਜ਼ਿਆਦਾ ਵਿਆਪਕ ਸੀ। ਲੇਕਿਨ ਇਸ ਦੀ ਦਵੰਦਾਤਮਕ ਭੌਤਿਕਵਾਦੀ ਸਮਝ ਦੀ ਕਮੀ ਅਤੇ ਕੁੱਲ ਮਿਲਾ ਕੇ ਵਿਚਾਰਧਾਰਕ ਬਚਕਾਨੇਪਨ ਕਾਰਨ ਇਸ ਵਿਚ (1) ਲੋਕ ਗੀਤਾਂ ਅਤੇ ਸੰਗੀਤ ਦੀ ਨਕਲ ਅਤੇ 'ਪੈਰੋਡੀ' ਦਾ ਲੋਕਵਾਦੀ ਰੁਝਾਣ (2) ਨਿੱਕ ਪੂੰਜੀਵਾਦੀ 'ਯੂਟੋਪੀਆ' ਅਤੇ 'ਰੈਡੀਕਲਿਜ਼ਮ' (3) ਵਿਚਾਰ ਅਤੇ ਤਰਕ ਦੀ ਬਜਾਇ ਇਨਕਲਾਬੀ ਜਜ਼ਬਾਤੀਪਣ ਉੱਪਰ ਇਕਪਾਸੜ ਜ਼ੋਰ ਅਤੇ ਇਕਹਰਾਪਣ (4) ਕੌਮਵਾਦੀ ਭਟਕਾਅ (5) ਅਤੇ ਦਵੰਦਾਤਮਕ ਅਤੇ ਇਤਿਹਾਸਕ ਭੌਤਿਕਵਾਦੀ ਸਮਝ ਦੀ ਜਗ੍ਹਾ ਅਨੁਭਵਵਾਦ ਦੇ ਰੁਝਾਨ ਹਾਵੀ ਦਿਖਾਈ ਦਿੰਦੇ ਹਨ। ਇਨ੍ਹਾਂ ਕਮਜ਼ੋਰੀਆਂ ਦੀਆਂ ਜੜਾਂ ਤਲਾਸ਼ਦੇ ਸਮੇਂ ਸਾਨੂੰ ਇਨਕਲਾਬੀ ਖੱਬੇਪੱਖੀ ਲਹਿਰ ਦੇ ਅੰਦਰ 'ਖੱਬੂ' ਮਾਅਰਕੇਬਾਜ਼ ਭਟਕਾਅ ਅਤੇ ਹੁਣ ਉੱਭਰਨ ਵਾਲੇ ਸਮਾਜਿਕ ਜਮਹੂਰੀ ਭਟਕਾਵਾਂ ਨੂੰ ਵੀ ਸਮਝਣਾ ਹੋਵੇਗਾ। ਇਨਕਲਾਬ ਦੇ ਪੜਾਅ ਅਤੇ ਸਮਾਜ ਦੇ ਖਾਸੇ ਬਾਰੇ ਵਿਚ ਵਿਚਾਰਧਾਰਕ ਸੰਦਾਂ ਦੇ ਥੋਥੇਪਨ ਕਾਰਨ ਬਣੀ ਗ਼ਲਤ ਸਮਝ ਨੂੰ ਵੀ ਧਿਆਨ ਵਿਚ ਰੱਖਣਾ ਹੋਵੇਗਾ ਅਤੇ ਪਿਛਲੀ ਅੱਧੀ ਸਦੀ ਦੇ ਇਤਿਹਾਸ ਦੀਆਂ ਕੁੱਲ ਗੁੰਝਲਾਂ ਅਤੇ ਔਕੜਾਂ ਦੀ ਵੀ ਅਣਦੇਖੀ ਨਹੀਂ ਕਰਨੀ ਹੋਵੇਗੀ। ਅਸੀਂ ਕੋਈ ਵੀ ਸ਼ੁਰੂਆਤ ਜ਼ੀਰੋ ਤੋਂ ਨਹੀਂ ਕਰ ਰਹੇ ਹਾਂ। ਇਤਿਹਾਸ ਦੀਆਂ ਗਲਤੀਆਂ ਨੂੰ ਅਸੀਂ ਸਮਝ ਸਕਦੇ ਹਾਂ ਪਰ ਉਨ੍ਹਾਂ ਤੋਂ ਖੁਦ ਨੂੰ ਅਲੱਗ ਕਰਕੇ ਨਹੀਂ ਦੇਖ ਸਕਦੇ ਕਿਉਂਕਿ ਕੁੱਲ ਗਲਤੀਆਂ ਦੇ ਬਾਵਜੂਦ ਇਹ ਇਨਕਲਾਬੀ ਖੱਬੇਪੱਖੀ ਧਾਰਾ ਹੀ ਸਾਡੀ ਪਰੰਪਰਾ ਰਹੀ ਹੈ ਅਤੇ ਅਸੀਂ ਉਸੇ ਦੇ ਵਾਰਿਸ ਹਾਂ। ਸਾਡੀ ਹਰ ਆਲੋਚਨਾ ਉਨ੍ਹਾਂ ਗਲਤੀਆਂ ਤੋਂ ਸਿੱਖਣ ਲਈ ਹੈ। ਨਕਾਰਾਤਮਕ ਸਿੱਖਿਆਵਾਂ ਦੀ ਵੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ।

(23) ਭਾਰਤ ਵਿਚ ਲੋਕਾਂ ਦੀ ਇਨਕਲਾਬੀ ਸੰਗੀਤ ਲਹਿਰ ਦੀ ਅਤੀਤ ਵਿਚ ਇਕ ਹੋਰ ਕਮੀ ਰਹੀ ਹੈ ਜਿਸ ਉੱਪਰ ਗੌਰ ਕੀਤਾ ਜਾਣਾ ਚਾਹੀਦਾ ਹੈ। ਪਿਛਲੀਸਦੀ ਦੇ ਤੀਜੇ-ਚੌਥੇ ਦਹਾਕੇ ਵਿਚ ਯੂਰਪ ਦੇ ਮਜ਼ਦੂਰਾਂ ਦੀਆਂ ਅਜਿਹੀਆਂ ਸੰਗੀਤ ਟੋਲੀਆਂ ਅਤੇ ਗਾਇਨ ਰੂਪ ਬੜੇ ਪੈਮਾਨੇ ਉੱਪਰ ਸਰਗਰਮ ਸਨ ਜੋ ਵਿਚਾਰਧਾਰਾ ਰੂਪ ਵਿਚ ਵੀ ਸੁਚੇਤ ਅਤੇ ਅਮੀਰ ਸਨ (ਮਜ਼ਦੂਰਾਂ ਦਾ ਪ੍ਰਤੀਰੋਧ ਸੰਗੀਤ ਪੇਸ਼ ਕਰਨ ਵਾਲੀਆਂ ਟੋਲੀਆਂ ਅਤੇ ਫਿਰ ਵਰਗ ਸਚੇਤ ਮਜ਼ਦੂਰਾਂ ਦੇ ਸੰਗੀਤ ਦੇ ਵਿਕਾਸ ਦਾ ਸਿਲਸਿਲਾ ਤਾਂ ਉਥੇ 1860-70 ਤੋਂ ਹੀ ਜਾਰੀ ਸੀ) ਮੱਧ ਵਰਗ ਦੇ ਜੋ ਬੁੱਧੀਜੀਵੀ ਵਿਚਾਰਧਾਰਾ ਅਤੇ ਸੰਸਕ੍ਰਿਤੀ ਦੀ ਪਰੰਪਰਾਗਤ ਸਿੱਖਿਆ-ਟਰੇਨਿੰਗ ਨਾਲ ਲੈਸ ਹੋ ਕੇ ਪ੍ਰੋਲੇਤਾਰੀ ਸੰਗੀਤ ਅੰਦੋਲਨ ਵਿਚ ਆਏ ਸਨ, ਮਜ਼ਦੂਰ ਸੰਗੀਤ ਟੋਲੀਆਂ ਦੇ ਨਾਲ ਉਨ੍ਹਾਂ ਦੇ ਜਿਉਂਦੇ-ਜਾਗਦੇ ਸੰਪਰਕ-ਸਹਿਯੋਗ ਨਾਲ ਪ੍ਰੋਲੇਤਾਰੀ ਸੰਗੀਤ

ਕਲਾ ਨੂੰ ਨਵੀਆਂ ਉਚਾਈਆਂ ਮਿਲੀਆਂ। ਸਾਡੇ ਦੇਸ਼ ਵਿਚ ਪ੍ਰੋਲੇਤਾਰੀ ਸੰਗੀਤ ਅੰਦੋਲਨ ਵਿਚ ਸਰਗਰਮ ਲੋਕ ਆਮ ਤੌਰ ’ਤੇ ਮੱਧ ਵਰਗੀ ਪਿਛੋਕੜ ਵਿਚੋਂ ਆਏ ਬੁੱਧੀਜੀਵੀ ਸਨ। ਕਿਸਾਨ ਸਭਾ, ਟ੍ਰੇਡ ਯੂਨੀਅਨ, ਪਾਰਟੀ ਜਾਂ ਲਹਿਰ ਦੇ ਪੱਖ ਵਿਚ ਸਰਗਰਮ ਲੋਕ ਗਾਇਕਾਂ ਦੀ ਮੰਡਲੀਆਂ ਜਾਂ ‘ਅਮੇਚਰ’ ਪੱਧਰ ’ਤੇ ਸੰਗੀਤ ਟੋਲੀਆਂ ਭਾਵੇਂ ਹੋਣ ਪਰ ਮਜ਼ਦੂਰਾਂ ਦੇ ਵਿਚੋਂ ਸਿੱਖਿਆ–ਟ੍ਰੇਨਿੰਗ ਲੈ ਕੇ ਪ੍ਰੋਲੇਤਾਰੀ ਸੰਗੀਤ ਅੰਦੋਲਨ ਦੀ ਅਗਵਾਈ ਦਾ ਕੋਈ ਛੋਟਾ ਜਿਹਾ ਹਿੱਸਾ ਵੀ ਸਾਹਮਣੇ ਨਹੀਂ ਆਇਆ। ਇਤਿਹਾਸ, ਸਮਾਜ ਅਤੇ ਅੰਦੋਲਨ ਵਿਚ ਸ਼ਾਮਲ ਇਸ ਦੇ ਕਾਰਨਾਂ ’ਤੇ ਚਰਚਾ ਜ਼ਰੂਰੀ ਹੈ। ਪਰ ਇਥੇ ਸੰਭਵ ਨਹੀਂ ਹੈ। ਅੱਜ ਮਜ਼ਦੂਰ ਜਮਾਤ ਦੇ ਹਿਰਾਵਲ ਦਸਤੇ ਵਿਚ ਜਿਸ ਤਰ੍ਹਾਂ ਸਿੱਧੇ ਮਜ਼ਦੂਰਾਂ ਦੇ ਵਿਚੋਂ ਨਵੀਂ ਭਰਤੀ ਇਨਕਲਾਬ ਦੀ ਇਕ ਬੁਨਿਆਦੀ ਜ਼ਰੂਰਤ ਹੈ। ਉਸੇ ਤਰ੍ਹਾਂ ਵਰਗ ਸਚੇਤ ਮਜ਼ਦੂਰਾਂ ਦੇ ਵਿਚੋਂ ਵਿਚਾਰਧਾਰਕ ਸੱਭਿਆਚਾਰਕ–ਕਲਾਤਮਕ ਰੂਪ ਵਿਚ ਸਿੱਖਿਅਤ ਕਰਕੇ ਮਜ਼ਦੂਰ ਸੰਗੀਤ ਮੰਡਲੀਆਂ ਵੀ ਜਥੇਬੰਦ ਕਰਨਾ ਬੇਹੱਦ ਜ਼ਰੂਰੀ ਹੈ। ਪ੍ਰੋਲੇਤਾਰੀ ਸੰਗੀਤ ਅੰਦੋਲਨ ਉਦੋਂ ਹੀ ਇਕ ਲੋਕ ਲਹਿਰ ਬਣ ਸਕੇਗਾ। ਲੋਕਪ੍ਰਿਯਤਾ ਦੇ ਨਾਲ ਕਲਾਤਮਕ ਪੱਧਰ ਦਾ ਸਹੀ ਦਵੰਦਾਤਮਕ ਸੰਸ਼ਲੇਸ਼ਣ ਉਦੋਂ ਜ਼ਿਆਦਾ ਅਸਾਨ ਹੋਵੇਗਾ ਅਤੇ ਬੁਰਜੂਆ–ਨਿੱਕ ਬੁਰਜੂਆ ਭਟਕਾਵਾਂ ਦੇ ਵਿਰੁੱਧ ਵੀ ਇਕ ਰੋਕ ਖੜੀ ਕੀਤੀ ਜਾ ਸਕੇਗੀ।

(24) ਮਜ਼ਦੂਰਾਂ ਦੀਆਂ ਗਾਉਣ–ਵਜਾਉਣ ਵਾਲੀਆਂ ਮੰਡਲੀਆਂ ਅਤੇ ਸੰਗੀਤ ਕਮੇਟੀਆਂ ਜਥੇਬੰਦ ਕਰਨ ਦੀ ਪ੍ਰਕਿਰਿਆ ਦੇ ਦੌਰਾਨ ਬਹੁਤ ਸਾਰੀਆਂ ਸਮੱਸਿਆਵਾਂ ਆਉਣਗੀਆਂ ਜਿਨ੍ਹਾਂ ਵਿਚੋਂ ਕੁਝ ਦਾ ਅਨੁਮਾਨ ਪਹਿਲਾਂ ਹੀ ਲਗਾਇਆ ਜਾ ਸਕਦਾ ਹੈ। ਸ਼ੁਰੂਆਤੀ ਦੌਰ ਵਿਚ ਮਜ਼ਦੂਰਾਂ ਦੇ ਵਿਚੋਂ ਉੱਚ ਪੱਧਰੀ ਸੰਗੀਤ ਰਚਨਾਵਾਂ ਤਾਂ ਪੈਦਾ ਨਹੀਂ ਹੋਣਗੀਆਂ ਲੇਕਿਨ ਉਨ੍ਹਾਂ ਦੇ ਪ੍ਰਯੋਗ ਮੌਲਿਕ ਜ਼ਰੂਰ ਹੋਣਗੇ। ਅਜਿਹੇ ਮਜ਼ਦੂਰ ਕਲਾਕਾਰਾਂ ਦੀ ਕਲਾਤਮਕ ਸਿੱਖਿਆ ਅਤੇ ਟਰੇਨਿੰਗ ਤੋਂ ਵੀ ਪਹਿਲਾਂ ਇਹ ਜ਼ਰੂਰੀ ਹੋਵੇਗਾ ਕਿ ਉਹ ਵਰਗ ਸਚੇਤ ਜੁਝਾਰੂ ਮਜਦੂਰ ਹੋਣ ਅਤੇ ਉਨ੍ਹਾਂ ਨੂੰ ਵਿਚਾਰਧਾਰਕ ਅਤੇ ਸਿਆਸੀ ਰੂਪ ਵਿਚ ਸਿੱਖਿਅਤ ਕੀਤਾ ਜਾਵੇ। ਭਾਰਤੀ ਮਜਦੂਰਾਂ ਦੀ ਵੱਡੀ ਗਿਣਤੀ ਜਾਂ ਤਾਂ ਅਜੇ ਤੱਕ ਪਿੰਡਾਂ ਨਾਲ ਜੁੜੀ ਹੋਈ ਹੈ ਜਾਂ ਹੁਣੇ–ਹੁਣੇ ਇਕ ਪੀੜ੍ਹੀ ਪਹਿਲਾਂ ਕਿਸਾਨਾਂ ਤੋਂ ਉੱਜੜ ਕੇ ਆਈ ਹੈ। ਆਮ ਤੌਰ ’ਤੇ ਉਹ ਕਿਸਾਨੀ ਸਮਾਜ ਦੇ ਲੋਕ–ਗੀਤਾਂ ਨੂੰ ਹੀ ਗਾਉਂਦੇ ਵਜਾਉਂਦੇ ਹਨ। ਜੇਕਰ ਉਨ੍ਹਾਂ ਦੀ ਜਮਾਤੀ ਚੇਤਨਾ ਤਿੱਖੀ ਹੋ ਕੇ ਵਿਚਾਰਧਾਰਕ ਸਿਆਸੀ ਚੇਤੰਨਤਾ ਤੱਕ ਨਹੀਂ ਪਹੁੰਚੇਗੀ ਤਾਂ ਉਹ ਪ੍ਰੋਲੇਤਾਰੀ ਸੰਗੀਤ ਦੀ ਬਜਾਇ ਲੋਕ ਗੀਤਾਂ, ਲੋਕ ਧੁਨਾਂ ਦੇ ਦੁਹਰਾਉ, ਪੈਰੋਡੀ ਤੇ ਨਕਲ ਤੋਂ ਅੱਗੇ ਨਹੀਂ ਜਾ ਸਕਣਗੇ। ਨਾਲ ਹੀ ਇਕ ਹੋਰ ਸਮਾਜਕ, ਸਿਆਸੀ ਜੀਵਨ (ਜਿਸ ਵਿਚ ਮਜ਼ਦੂਰ ਅੰਦੋਲਨ ਉੱਪਰ ਹਾਵੀ ਅਰਥਵਾਦ, ਟ੍ਰੇਡ ਯੂਨੀਅਨਵਾਦ ਅਤੇ ਸੋਧਵਾਦ ਵੀ ਸ਼ਾਮਲ ਹੈ) ਤੋਂ, ਦੂਜੇ ਪਾਸੇ ਆਮ ਤੌਰ ’ਤੇ ਮਜਦੂਰਾਂ ਦੀਆਂ ਸਭਾਵਾਂ ਵਿਚ ਗਾਏ ਜਾਣ ਵਾਲੇ ਗੀਤਾਂ ਤੋਂ ਪ੍ਰੋਲੇਤਾਰੀ ਸੰਗੀਤ ਵਿਚ ਸੁਧਾਰਵਾਦ ਦਾ ਪ੍ਰਭਾਵ ਵੀ ਆਏਗਾ। ਇਸ ਤੱਥ ਦੀ ਵੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਸਿਨੇਮਾ, ਟੀ. ਵੀ. ਅਤੇ ਰੇਡੀਓ ਦੁਆਰਾ ਵੱਡੇ ਪੈਮਾਨੇ ’ਤੇ ਉਤਪਾਦਤ ਲੋਕਪ੍ਰਿਯ ਸੰਗੀਤ ਦੇ ਘਟੀਆ ਮਾਲ ਦੀ ਵੀ ਮਜ਼ਦੂਰ

ਜਮਾਤ ਵਿਚ ਖੂਬ ਖਪਤ ਹੁੰਦੀ ਹੈ। ਮਜ਼ਦੂਰਾਂ ਦੀਆਂ ਸੰਗੀਤ ਟੋਲੀਆਂ ਵਿਚ ਜੇਕਰ ਜਮਾਤੀ ਚੇਤਨਾ ਅਤੇ ਵਿਚਾਰਧਾਰਕ ਚੌਕਸੀ ਪੈਦਾ ਨਹੀਂ ਕੀਤੀ ਜਾਵੇਗੀ ਤਾਂ ਉਸ ਦੀ ਸੰਗੀਤ ਕਲਾ ਵਿਚ ਲਾਜ਼ਮੀ ਤੌਰ ’ਤੇ ਬੁਰਜੂਆ ਅਤੇ ਨਿੱਕ ਬੁਰਜੂਆ ਦ੍ਰਿਸ਼ਟੀਕੋਣ ਦੀ ਘੁਸਪੈਠ ਹੋਵੇਗੀ ਹੀ। ਮਜ਼ਦੂਰ ਆਬਾਦੀ ਵਿਚ ਇਨਕਲਾਬੀ ਪ੍ਰਚਾਰ ਅਤੇ ਲਹਿਰ ਦੀਆਂ ਜੋ ਸਰਗਰਮੀਆਂ ਹੋਣਗੀਆਂ, ਉਨ੍ਹਾਂ ਦੇ ਨਾਲ–ਨਾਲ ਹੀ ਮਜ਼ਦੂਰ ਸੰਗੀਤ ਸੱਭਿਆਚਾਰ ਦੇ ਮਜ਼ਦੂਰ ਸਿਰਜਕਾਂ ਦੀ ਵਿਚਾਰਧਾਰਕ ਸਿੱਖਿਆ ਅਤੇ ਪੱਧਰ ਉੱਚਾ ਚੁੱਕਣ ਦੇ ਕੰਮ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ।

(25) ਮਜ਼ਦੂਰਾਂ ਦੀਆਂ ਇਨਕਲਾਬੀ ਸੰਗੀਤ ਮੰਡਲੀਆਂ ਸਾਡੇ ਦੇਸ਼ ਦੀਆਂ ਠੋਸ ਹਾਲਤਾਂ ਵਿਚ ਅਤੇ ਮਜ਼ਦੂਰ ਲਹਿਰ ਦੀਆਂ ਵਰਤਮਾਨ ਸਥਿਤੀਆਂ ਵਿਚ ਆਪਣੇ–ਆਪ ਉੱਭਰ ਕੇ ਬਹੁਤ ਘੱਟ ਹੀ ਸਾਹਮਣੇ ਆਉਣਗੀਆਂ। ਪਹਿਲਾਂ ਨਿੱਕ ਬੁਰਜੂਆ ਬੁੱਧੀਜੀਵੀ ਵਰਗ ਤੋਂ ਆਉਣ ਵਾਲੇ ਮਜ਼ਦੂਰ ਇਨਕਲਾਬ ਦੇ ਪ੍ਰਤੀ ਪ੍ਰਤੀਬੱਧ ਸੰਗੀਤਕਾਰਾਂ ਨੂੰ ਉਨ੍ਹਾਂ ਦੀਆਂ ਗਾਉਣ ਵਜਾਉਣ ਮੰਡਲੀਆਂ ਨੂੰ ਮਜ਼ਦੂਰਾਂ ਦੇ ਵਿਚਕਾਰ (ਸਿਆਸੀ ਪ੍ਰਚਾਰ ਅਤੇ ਸਿੱਖਿਆ ਦੇ ਸਮਾਨਅੰਤਰ) ਡੂੰਘੇ ਅਤੇ ਲੰਮੇ ਕਲਾਤਮਕ ਸਿੱਖਿਆ ਅਤੇ ਪ੍ਰਚਾਰ ਦਾ ਕੰਮ ਕਰਨਾ ਹੋਵੇਗਾ। ਉਨ੍ਹਾਂ ਦੀ ਪਹਿਲਕਦਮੀ ਅਤੇ ਸਿਰਜਣਾਤਮਕਤਾ ਜਗਾਉਣੀ ਹੋਵੇਗੀ ਅਤੇ ਫਿਰ ਉਨ੍ਹਾਂ ਦੀਆਂ ਆਪਣੀਆਂ ਸੱਭਿਆਚਾਰਕ ਜਥੇਬੰਦੀਆਂ ਅਤੇ ਸੰਗੀਤ ਸੰਗਠਨਾਂ ਦੇ ਨਿਰਮਾਣ ਦਾ ਕੰਮ ਹੱਥ ਵਿਚ ਲੈਣਾ ਹੋਵੇਗਾ।

(26) ਲੇਕਿਨ ਸਮੱਸਿਆ ਇਹ ਹੈ ਕਿ ਮੱਧ ਵਰਗੀ ਸਿੱਖਿਅਤ ਪਰਿਵਾਰ ਤੋਂ ਆਏ ਜੋ ਪ੍ਰਗਤੀਸ਼ੀਲ–ਖੱਬੇਪੱਖੀ ਸੰਗੀਤਕਰਮੀ ਹਨ, ਉਨ੍ਹਾਂ ਦੀ ਆਪਣੀ ਹੀ ਵਿਚਾਰਧਾਰਕ ਅਤੇ ਸੱਭਿਆਚਾਰਕ ਸਮਝ ਬਹੁਤ ਕਮਜ਼ੋਰ ਹੈ। ਉਹ ਕਿਸੇ ਵਿਗਿਆਨਕ ਸਮਝ ਤੋਂ ਨਹੀਂ ਬਲਕਿ ਅਨੁਭਵਵਾਦ ਤੋਂ ਗੀਤ ਸੰਗੀਤ ਰਚਦੇ ਹਨ। ਵਿਗਿਆਨ ਦੀ ਜਗ੍ਹਾ ਮਹਿਜ ਪਵਿੱਤਰ ਭਾਵਨਾਵਾਂ ਅਤੇ ਜੋਸ਼ ਤੋਂ ਕੰਮ ਚਲਾ ਲੈਣਾ ਚਾਹੁੰਦੇ ਹਨ। ਇਹੀ ਕਾਰਨ ਹੈ ਕਿ ਅੱਜ ਪ੍ਰੋਲੇਤਾਰੀ ਗੀਤ ਸੰਗੀਤ ਵਿਚ ਨਿੱਕ ਪੂੰਜੀਵਾਦੀ ਜਜ਼ਬਾਤ ਅਤੇ ਲੋਕ ਗੀਤਾਂ ਦੇ ਅਤਿਰੇਕੀ ਲੋਕਪ੍ਰਿਯਤਾਵਾਦੀ ਪ੍ਰਭਾਵ ਦੀ ਬਹੁਤਾਤ ਹੈ ਅਤੇ ਜਾਂ ਤਾਂ ਮਜ਼ਦੂਰ ਹਾਲਤਾਂ ਦਾ ਤਰਸਮਈ ਚਿੱਤਰਣ ਹੈ ਜਾਂ ਜੋਸ਼ੀਲੇ ਸੱਦਾ ਗੀਤ ਅਤੇ ਮਾਰਚਿੰਗ ਗੀਤ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਮਜ਼ਦੂਰਾਂ ਵਿਚਕਾਰ ਕੰਮ ਕਰਨ ਵਾਲੇ ਬੁੱਧੀਜੀਵੀ ਪਿਛੋਕੜ ਦੇ ਸੱਭਿਆਚਾਰਕ ਕਾਮੇ ਵਿਚਾਰਧਾਰਾ ਅਤੇ ਰਾਜਨੀਤੀ ਵਿਚ ਯੋਜਨਾਬੱਧ ਢੰਗ ਨਾਲ ਸਿੱਖਿਅਤ ਹੋਣ ਅਤੇ ਮਾਰਕਸਵਾਦੀ ਸੁਹਜ ਸ਼ਾਸਤਰ ਦਾ, ਕਲਾ ਦਰਸ਼ਨ, ਅਤੇ ਸੰਗੀਤ ਦੇ ਬਾਰੇ ਵਿਚ ਦਵੰਦਾਤਮਕ ਭੌਤਿਕਵਾਦੀ ਨਜ਼ਰੀਏ ਦਾ ਅਧਿਐਨ ਕਰਨ। ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਉਹ ਪ੍ਰੋਲੇਤਾਰੀ ਸੰਗੀਤ ਦੀ ਅਤੇ ਇਨਕਲਾਬੀ ਸੰਗੀਤ ਦੀ ਵਿਰਾਸਤ ਤੋਂ ਜਾਣੂੰ ਹੋਣ। ਪਿਛਾਖੜੀ ਸ਼ਾਸਤਰੀ ਸੰਗੀਤ ਪਰੰਪਰਾਵਾਂ ਨੂੰ ਵੀ (ਮੋਟੇ ਤੌਰ ’ਤੇ ਹੀ ਸਹੀ) ਜਾਣਦੇ ਸਮਝਦੇ ਹੋਣ ਅਤੇ ਲੋਕ ਸੰਗੀਤ ਦਾ ਵੀ ਤਰਤੀਬਬੱਧ ਅਧਿਐਨ ਉਨ੍ਹਾਂ ਦੇ ਕੋਲ ਹੋਵੇ। ਜ਼ਰੂਰਤ ਸੰਗੀਤ ਦੀ ਤਰਤੀਬਬੱਧ ਪੇਸ਼ੇਵਰ ਟਰੇਨਿੰਗ ਦੀ ਵੀ ਹੈ। ‘ਕੁਦਰਤੀ’ ਸੰਗੀਤ ਪ੍ਰਤਿਭਾ ਉੱਪਰ ਭਰੋਸਾ ਅਤੇ

'ਅਮੇਚਰ' ਕਲਾਕਾਰਾਂ ਵਰਗੀ ਸੋਚ-ਪਹੁੰਚ ਨਾਲ ਕੰਮ ਬਿਲਕੁਲ ਵੀ ਚੱਲਣ ਵਾਲਾ ਨਹੀਂ ਹੈ। ਲੇਕਿਨ ਇਸ ਤੋਂ ਵੀ ਪਹਿਲਾਂ ਅਤੇ ਇਸ ਤੋਂ ਵੀ ਜ਼ਿਆਦਾ ਜ਼ਰੂਰੀ ਇਹ ਹੈ ਕਿ ਪ੍ਰਤੀਬੱਧ ਬੁੱਧੀਜੀਵੀ ਕਲਾਕਾਰ ਮਜ਼ਦੂਰ ਜਮਾਤ ਦੇ ਜੀਵਨ ਅਤੇ ਸੰਘਰਸ਼ਾਂ ਦੇ ਦਰਮਿਆਨ ਮੌਜੂਦ ਹੋਣ ਅਤੇ ਉਨ੍ਹਾਂ ਦੇ ਵਿਚਕਾਰ ਲਗਾਤਾਰ ਸੰਗੀਤ ਦੇ ਮਾਧਿਅਮ ਨਾਲ ਸੱਭਿਆਚਾਰਕ ਅਤੇ ਸਿੱਖਿਆ ਦਾ ਕੰਮ ਕਰਦੇ ਹੋਏ ਉਨ੍ਹਾਂ ਤੋਂ ਸਿੱਖਣ ਅਤੇ ਫਿਰ ਸਿਖਾਉਣ। ਜਿਵੇਂ ਕਿ ਹਾਂਸ ਆਈਸਲਰ ਦਾ ਵਿਚਾਰ ਹੈ ਕਿ 'ਆਧੁਨਿਕ ਸੰਗੀਤਕਾਰ ਨੂੰ ਆਪਣੇ-ਆਪ ਨੂੰ ਜਨ ਅੰਦੋਲਨ ਤੋਂ ਕੱਟ ਨਹੀਂ ਲੈਣਾ ਚਾਹੀਦਾ। ਆਪਣੇ ਕਮਰੇ ਵਿਚ ਬੈਠ ਕੇ ਮਜ਼ਦੂਰ ਜਮਾਤ ਲਈ ਸੰਗੀਤ ਰਚਨਾ ਹੀ ਕਾਫੀ ਨਹੀਂ ਹੈ। ਉਸ ਨੂੰ ਮਿਹਨਤਕਸ਼ਾਂ ਦੇ ਸਮਾਜਕ ਜੀਵਨ ਅਤੇ ਸੰਘਰਸ਼ਾਂ ਵਿਚ ਸਰਗਰਮ ਹਿੱਸੇਦਾਰੀ ਕਰਨੀ ਪਵੇਗੀ। ਸਾਨੂੰ ਸੰਗੀਤ ਦੇ ਬੁੱਧੀਜੀਵੀਆਂ ਅਤੇ ਮਿਹਨਤਕਸ਼ਾਂ ਦਰਮਿਆਨ ਇਕ ਤਾਲਮੇਲ ਕਾਇਮ ਕਰਨਾ ਪਵੇਗਾ। ਸੰਗੀਤ ਦਾ ਬੁੱਧੀਜੀਵੀ ਵਰਗ ਮਜ਼ਦੂਰ ਜਮਾਤ ਤੋਂ ਸਿਆਸੀ ਰੂਪ ਵਿਚ ਸੋਚਣਾ ਸਿੱਖ ਸਕੇਗਾ ਅਤੇ ਇਨਕਲਾਬੀ ਦ੍ਰਿਸ਼ਟੀਕੋਣ ਹਾਸਲ ਕਰੇਗਾ। ਮਜ਼ਦੂਰ ਜਮਾਤ ਬੁੱਧੀਜੀਵੀ ਵਰਗ ਤੋਂ ਸ਼ਾਸਤਰੀ ਸੰਗੀਤ ਦੀ ਮਹਾਨ ਪਰੰਪਰਾ ਹਾਸਲ ਕਰਨ ਦੇ ਨਾਲ ਹੀ ਨਵੇਂ ਅਤੇ ਸਮਕਾਲੀਨ ਸੰਗੀਤ ਦੀਆਂ ਪੱਧਤੀਆਂ ਸਿੱਖ ਸਕੇਗੀ। ਜਦੋਂ ਇਹ ਤਾਲਮੇਲ ਇਕ ਤੱਥ ਬਣ ਜਾਵੇਗਾ ਉਦੋਂ ਹੀ ਅਸੀਂ ਆਪਣੇ ਲਹਿਰ ਦੀਆਂ ਮੁਸ਼ਕਿਲਾਂ ਉੱਪਰ ਜਿੱਤ ਹਾਸਲ ਕਰ ਸਕਾਂਗੇ।' 'ਮਜ਼ਦੂਰ ਜਮਾਤੀ ਸੰਗੀਤ ਦੀਆਂ ਸਮੱਸਿਆਵਾਂ' ਹਾਂਸ ਆਈਸਲਰ ਨਾਲ ਗੱਲਬਾਤ)

ਪ੍ਰੋਲੇਤਾਰੀ ਸੰਗੀਤ ਦੀਆਂ ਪੱਧਤੀਆਂ-ਸ਼ੈਲੀਆਂ ਦੇ ਬਾਰੇ ਵਿਚ ਕੋਈ ਬਣਿਆ-ਬਣਾਇਆ ਫਾਰਮੂਲਾ ਨਹੀਂ ਸੁਝਾਇਆ ਜਾ ਸਕਦਾ। ਪ੍ਰੋਲੇਤਾਰੀ ਸੰਗੀਤ ਦੀ ਕਲਾਆਪਣੀਆਂ ਨਵੀਆਂ ਪੱਧਤੀਆਂ, ਮਜ਼ਦੂਰਾਂ ਦੇ ਰੋਜ਼ਮਰਾ ਦੇ ਸੰਘਰਸ਼ ਵਿਚੋਂ ਵਿਕਸਤ ਕਰੇਗੀ। ਵਿਕਾਸ ਅਤੇ ਪ੍ਰਯੋਗਾਂ ਦੀਆਂ ਮੁੱਢਲੀਆਂ ਹਾਲਤਾਂ ਦੇ ਬਾਅਦ ਅਸੀਂ ਪ੍ਰੋਲੇਤਾਰੀ ਕਲਾ ਦੇ ਵੱਖ-ਵੱਖ ਰੂਪਾਂ ਅਤੇ ਵੰਨਗੀਆਂ ਦੇ ਗਵਾਹ ਹੋਵਾਂਗੇ। ਰਾਜਨੀਤੀ ਦੀ ਭਾਸ਼ਾ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਮਜ਼ਦੂਰ ਜਮਾਤ ਦਾ 'ਐਜੀਟੇਸ਼ਨਲ ਮਿਊਜ਼ਿਕ' ਹੋਵੇਗਾ, 'ਪ੍ਰਾਪੇਗੰਡਾ ਮਿਊਜ਼ਿਕ' ਹੋਵੇਗਾ ਅਤੇ 'ਐਜਿਟ-ਪ੍ਰਾਪ' ਮਿਊਜ਼ਿਕ ਹੋਵੇਗਾ। ਇਨ੍ਹਾਂ ਦਾ ਵਿਕਾਸ ਹੀ ਪਹਿਲਾਂ ਹੋਵੇਗਾ ਕਿਉਂਕਿ ਹਰ ਵਰਗ ਦੇ ਸੰਗੀਤ ਦੀ ਤਰ੍ਹਾਂ ਮਜ਼ਦੂਰ ਜਮਾਤ ਦੇ ਸੰਗੀਤ ਦੇ ਸਾਹਮਣੇ ਵੀ ਠੋਸ ਜ਼ਿੰਮੇਵਾਰੀਆਂ ਹੋਣਗੀਆਂ। ਅਲੱਗ-ਅਲੱਗ ਸਮੇਂ ਵਿਚ ਅਲੱਗ-ਅਲੱਗ ਠੋਸ ਜ਼ਿੰਮੇਵਾਰੀ ਪ੍ਰਧਾਨ ਹੋਵੇਗੀ। ਅੱਜ ਮਜ਼ਦੂਰ ਜਮਾਤ ਦਾ ਟੀਚਾ ਹੈ-ਰਾਜਸੱਤਾ 'ਤੇ ਕਬਜ਼ਾ। ਜੇ ਪ੍ਰੋਲੇਤਾਰੀ ਸੰਗੀਤ ਇਕ ਅਸਪੱਸ਼ਟ ਅਤੇ ਦੁਰੇਡੇ ਸੁਪਨੇ ਦੇ ਰੂਪ ਵਿਚ ਨਹੀਂ ਬਲਕਿ ਇਕ ਅਮਲੀ ਕਾਰਵਾਈ ਦੇ ਰੂਪ ਵਿਚ ਇਸ ਟੀਚੇ ਨੂੰ ਅਤੇ ਇਸ ਦਿਸ਼ਾ ਵਿਚ ਲੋੜੀਂਦੇ ਕੁੱਲ ਯਤਨਾਂ ਨੂੰ ਪੇਸ਼ ਕਰੇਗਾ ਅਤੇ ਅਜਿਹਾ ਕਰਦੇ ਹੋਏ ਉਹ ਦੇਸ਼ ਕਾਲ ਵਿਸ਼ੇਸ਼ ਦੀ ਮਜ਼ਦੂਰ ਜਮਾਤ ਦੇ ਭੌਤਿਕ ਜੀਵਨ, ਸੱਭਿਆਚਾਰਕ ਚੇਤਨਾ ਅਤੇ ਇਤਿਹਾਸ ਦੇ ਦੌਰ ਵਿਸ਼ੇਸ਼ ਅਤੇ ਲਹਿਰ ਦੀ ਸਥਿਤੀ ਵਿਸ਼ੇਸ਼ ਨੂੰ ਕਦੇ ਨਜ਼ਰਾਂ ਤੋਂ ਓਹਲੇ ਨਹੀਂ ਕਰੇਗਾ। ਭਾਵ ਜ਼ਾਹਿਰ ਹੈ ਕਿ ਪਹਿਲਾਂ ਮਜ਼ਦੂਰਾਂ ਦਾ ਵੰਗਾਰਾਤਮਕ ਸੰਗੀਤ ਅਤੇ ਪ੍ਰਤੀਰੋਧ ਸੰਗੀਤ ਹੀ

ਵਿਕਸਤ ਹੋਵੇਗਾ। ਪਹਿਲਾਂ ਮਿਲ ਕੇ ਗਾਉਣ ਦੀ ਸ਼ਕਲ ਵਿਚ ਅਤੇ ਫਿਰ ਮਿਲ ਕੇ ਵਜਾਉਣ ਦੀ ਸੰਗੀਤ ਦੀ ਵੀ ਪਕੜ ਪੈਦਾ ਹੋਵੇਗੀ ਅਤੇ ਗਾਉਣ ਵਜਾਉਣ ਵਾਲੀਆਂ ਟੋਲੀਆਂ ਸਟੇਜਾਂ 'ਤੇ ਰੰਗ ਜਮਾਉਣ ਲੱਗਣਗੀਆਂ। ਅੱਜ ਜੋ ਮਜ਼ਦੂਰ ਜਮਾਤ ਦਾ ਪ੍ਰਤੀਰੋਧ ਸੰਗੀਤ ਵਿਕਸਤ ਹੋਵੇਗਾ, ਉਸ ਵਿਚ ਨਾ ਤਾਂ ਜੀਵਨ ਹਾਲਤਾਂ ਦਾ ਤਰਸਮਈ ਚਿੱਤਰਣ (ਇਹ ਕੰਮ ਸੁਧਾਰਵਾਦੀਆਂ ਅਤੇ ਸੋਧਵਾਦੀਆਂ ਲਈ ਛੱਡ ਦਿੱਤਾ ਜਾਵੇ) ਹੋਵੇਗਾ ਨਾ ਹੀ ਸਮਾਜਵਾਦ ਦਾ (ਵੋ ਸੁਬਹ ਕਭੀ ਤੋਂ ਆਏਗੀ) ਬ੍ਰਾਂਡ ਗੁਲਾਬੀ ਸੁਪਨਈ ਯੂਟੋਪੀਆ ਅਤੇ ਇੰਤਜ਼ਾਰ। ਉਹ ਮਜ਼ਦੂਰ ਜਮਾਤ ਨੂੰ ਜਗਾਏਗਾ ਅਤੇ ਝੰਜੋੜੇਗਾ। ਸੱਤਾ 'ਤੇ ਅਧਿਕਾਰ ਕਰਨ ਦੇ ਸਹੀ ਤਰੀਕਿਆਂ ਦੀ ਖੋਜ ਦਾ ਤਰਕ-ਵਿਤਰਕ ਅਤੇ ਦਿਸ਼ਾ ਦੇਵੇਗਾ। ਉਸ ਨੂੰ ਲਾਮਬੰਦ ਅਤੇ ਜਥੇਬੰਦ ਹੋਣ ਦੀ ਜ਼ਰੂਰਤ ਦਾ ਕਾਇਲ ਕਰੇਗਾ ਅਤੇ ਉਸ ਦੀ ਆਮ ਰੂਪਰੇਖਾ ਵੀ ਦੇਵੇਗਾ। ਇਸ ਪ੍ਰਬੰਧ ਦਾ, ਇਸ ਦੇ ਸੱਭਿਆਚਾਰ ਦਾ, ਇਸ ਦੀ ਬਣਤਰ ਦਾ ਪਰਦਾਫਾਸ਼ ਕਰੇਗਾ ਅਤੇ ਅਵਿਵੇਕ-ਅੰਧਵਿਸ਼ਵਾਸ-ਨਕਾਰੇਪਣ ਲਈ ਮਜ਼ਦੂਰ ਜਮਾਤ ਦੀ ਆਲੋਚਨਾ-ਫਿਟਕਾਰ ਦਾ ਕੰਮ ਵੀ ਕਰੇਗਾ। ਇਸ ਕੰਮ ਦੇ ਲਈ ਨਿਰਦੇਸ਼ਤ ਸੰਗੀਤ ਦੇ ਰੂਪ ਅਨੇਕ ਹੋਣਗੇ। ਸ਼ੈਲੀਆਂ ਕਈ ਭਾਂਤ ਦੀਆਂ ਹੋਣਗੀਆਂ। ਸਾਨੂੰ ਮਜ਼ਦੂਰ ਜਮਾਤ ਦਾ ਲੋਕਪ੍ਰਿਯ ਸਟੇਜ ਸੰਗੀਤ ਵਿਕਸਤ ਕਰਨਾ ਹੋਵੇਗਾ। ਉਸ ਨੂੰ ਪੜਤਾਲ ਘਰਾਂ ਤੋਂ ਬਾਹਰ ਲਿਆ ਕੇ 'ਸਟਰੀਟ ਕੰਸਰਟਸ' ਦਾ ਖਾਲਸ ਭਾਰਤੀ ਐਡੀਸ਼ਨ ਉਸਾਰਨਾ ਹੋਵੇਗਾ ਅਤੇ ਇਸ ਪ੍ਰਕਿਰਿਆ ਵਿਚ ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਅਤੇ ਦੇਸੀ ਲੋਕ ਸੰਗੀਤ ਤੋਂ ਸਿੱਖਣ ਦੇ ਨਜ਼ਰੀਏ ਦਾ ਦਵੰਦਾਤਮਕ ਸੰਸ਼ਲੇਸ਼ਣ ਕਰਨਾ ਹੋਵੇਗਾ। ਤੁਸੀਂ ਕਲਪਨਾ ਕਰੋ ਕਿ ਕਿਸੇ ਸੜਕ ਦੇ ਕਿਨਾਰੇ ਜਾਂ ਕਿਸੇ ਮਜ਼ਦੂਰ ਬਸਤੀ ਦੇ ਵਿਚਕਾਰ ਦੇ ਮੈਦਾਨ ਨੂੰ ਸਾਫ ਕਰਕੇ ਮੰਚ ਬਣਾ ਕੇ ਥਾਂ ਗਲੀ ਦੇ ਮੋੜ ਚੁਰਾਹੇ 'ਤੇ ਕੁਝ ਜਵਾਨ ਗਿਟਾਰ, ਢੋਲਕ, ਕਾਂਗੋ, ਬਾਂਗੋ, ਖੰਜਰੀ, ਝਾਲ, ਕਰਤਾਲ (ਕਦੇ-ਕਦੇ ਸਾਰੰਗੀ, ਵਾਇਲਨ ਅਤੇ ਸਿੰਥੇਸਾਈਜ਼ਰ ਵੀ) ਲੈ ਕੇ ਜੋ ਗੀਤ ਪੇਸ਼ ਕਰ ਰਹੇ ਹਨ, ਉਨ੍ਹਾਂ ਵਿਚ ਚੋਣਾਂ, ਸੰਸਦੀ ਬੁਰਜੂਆ ਪਾਰਟੀਆਂ, ਨਿਆਂ ਪਾਲਿਕਾ 'ਤੇ ਭ੍ਰਿਸ਼ਟਾਚਾਰ 'ਤੇ ਤਿੱਖੇ ਵਿਅੰਗ ਹਨ, ਮਜ਼ਦੂਰਾਂ ਦੇ ਕਿਸੇ ਸੰਘਰਸ਼ ਜਾਂ ਅੰਦੋਲਨ ਦੇ ਵੇਰਵੇ ਹਨ, ਅਤੀਤ ਦੇ ਇਨਕਲਾਬ ਅਤੇ ਸੰਘਰਸ਼ਾਂ ਦੀਆਂ ਕਹਾਣੀਆਂ ਹਨ, ਇਨਕਲਾਬੀ ਸੰਘਰਸ਼ ਅਤੇ ਜਥੇਬੰਦੀ ਬਣਾਉਣ ਦੇ ਸੱਦੇ ਹਨ, ਜਮਾਤੀ ਸੰਘਰਸ਼ ਦਾ ਤਰਕ ਹੈ, ਅਰਥਵਾਦ-ਸੁਧਾਰਵਾਦ ਦੀ ਆਲੋਚਨਾ ਹੈ, ਦਲਿਤ ਜਬਰ ਦੀ ਨਿੰਦਾ ਹੈ, ਜਾਤੀ ਧਰਮ ਦੀ ਰਾਜਨੀਤੀ ਦਾ ਭਾਂਡਾ ਭੰਨਿਆ ਗਿਆ ਹੈ। 'ਨੈਰੇਟਰ' (ਜਾਂ ਕਦੇ-ਕਦੇ ਮੁੱਖ ਗਾਇਕ) ਆਪਣੇ ਯੋਜਕ ਬਿਆਨਾਂ ਰਾਹੀਂ ਸੂਤਰ ਜੋੜਦਾ ਹੋਇਆ ਚੱਲਦਾ ਹੈ। ਵਿਚ-ਵਿਚ ਲੋਕਾਂ ਨੂੰ ਕੋਈ ਵਿਸ਼ਾ ਵਸਤੂ ਜਾਂ ਭਾਵ ਦੱਸ ਕੇ ਉਸ ਉੱਪਰ ਆਧਾਰਿਤ ਸਾਜ਼-ਸੰਗੀਤ ਦਾ ਕੋਈ ਕੰਪੋਜੀਸ਼ਨ ਵੀ ਪੇਸ਼ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਜਨਤਾ ਦੀ ਸੰਗੀਤ ਚੇਤਨਾ ਨੂੰ ਉੱਨਤ ਕਰਨ ਦਾ ਕੰਮ ਵੀ ਚੱਲਦਾ ਰਹਿੰਦਾ ਹੈ। ਕੀ ਅਜਿਹੇ ਪ੍ਰਯੋਗ ਅਸੰਭਵ ਹਨ।'

(28) ਬੇਸ਼ੱਕ ਅਮੀਰ ਦਾਰਸ਼ਨਿਕ ਤੱਤ ਅਤੇ ਅਮੂਰਤਨ ਦੇ ਉੱਚ ਪੱਧਰ ਵਾਲਾ ਪ੍ਰੋਲੇਤਾਰੀ ਦਾ ਆਪਣਾ ਸ਼ਾਸਤਰੀ ਸੰਗੀਤ ਜਾਂ ਅਮੂਰਤ ਸੰਗੀਤ ਵੀ ਵਿਕਸਤ ਹੋਵੇਗਾ, ਲੇਕਿਨ ਇਹ

ਪ੍ਰਕਿਰਿਆ ਪ੍ਰੋਲੇਤਾਰੀ ਸੰਗੀਤ ਅੰਦੋਲਨ ਦੀ ਅਗਲੇ ਉਚੇਰੇ ਪੜਾਅ ’ਤੇ ਹੀ ਸ਼ੁਰੂ ਹੋ ਸਕੇਗੀ ਅਤੇ ਸਮਾਜਵਾਦ ਦੀ ਸਥਾਪਨਾ ਦੇ ਬਾਅਦ ਹੀ ਵਿਆਪਕ ਆਧਾਰ ’ਤੇ ਸਥਾਪਤ ਅਤੇ ਲੋਕਪ੍ਰਿਯ ਹੋ ਸਕੇਗੀ। ਇਸ ਦੇ ਲਈ ਕਿਰਤ ਵੰਡ ਅਤੇ ਐਲੀਏਨੇਸ਼ਨ ਦੀ ਕ੍ਰਮਵਾਰ ਸਮਾਪਤੀ ਦੇ ਇਕ ਉਚੇਰੇ ਪੜ੍ਹਾਅ ਦੀ, ਮਾਨਸਿਕ ਕਿਰਤ ਅਕੇ ਸਰੀਰਕ ਕਿਰਤ ਦੇ ਬਟਵਾਰੇ ਅਤੇ ਬੁਰਜੂਆ ਅਧਿਕਾਰਾਂ ਦੀ ਕ੍ਰਮਵਾਰ ਸਮਾਪਤੀ ਦੇ ਇਕ ਉਚੇਰੇ ਪੜ੍ਹਾਅ ਦੀ ਜ਼ਰੂਰਤ ਹੋਵੇਗੀ। ਜਦੋਂ ਮਜ਼ਦੂਰ ਮਹਿਜ਼ ਉਜਰਤੀ ਜੀਵ ਨਹੀਂ ਰਹਿ ਜਾਏਗਾ ਅਤੇ ਸੱਭਿਆਚਾਰ ਦੇ ਸਿਰਜਣ ਅਤੇ ਰਸ ਮਾਨਣ ਲਈ ਉਸ ਕੋਲ ਵੀ ਸਮਾਂ ਹੋਵੇਗਾ। ਸੋਵੀਅਤ ਕ੍ਰਾਂਤੀ ਦੇ ਬਾਅਦ ਰੂਸ ਵਿਚ ਅਜਿਹਾ ਸੰਭਵ ਹੋ ਸਕਿਆ ਸੀ। ਯੂਰਪੀ ਦੇਸ਼ਾਂ ਵਿਚ ਪਿਛਲੀ ਸਦੀ ਦੇ ਚੌਥੇ-ਪੰਜਵੇਂ ਦਹਾਕੇ ਵਿਚ ਅਜਿਹਾ ਇਸ ਲਈ ਸੰਭਵ ਹੋ ਸਕਿਆ ਕਿ ਉਥੇ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦਾ ਪੱਧਰ ਬਹੁਤ ਜ਼ਿਆਦਾ ਉੱਨਤ ਸੀ। ਮਜ਼ਦੂਰਾਂ ਦੀ ਚੇਤਨਾ ਬਹੁਤ ਜ਼ਿਆਦਾ ਉੱਨਤ ਸੀ। ਉਹ ਬੁਰਜੂਆ ਇਨਕਲਾਬ ਦੀ ਸੱਭਿਆਚਾਰਕ ਵਿਰਾਸਤ ਤੋਂ ਜਾਣੂੰ ਸਨ ਜਾਂ ਜਾਣੂੰ ਹੋਣ ਦੇ ਯੋਗ ਸਨ, ਮਜ਼ਦੂਰ ਲਹਿਰ ਸਿਆਸੀ-ਸੱਭਿਆਚਾਰਕ ਪੱਧਰ ’ਤੇ ਜਥੇਬੰਦ ਸੀ। ਸੋਵੀਅਤ ਪ੍ਰਯੋਗਾਂ ਅਤੇ ਪ੍ਰਾਪਤੀਆਂ ਦਾ ਉਤਸ਼ਾਹਪੂਰਣ ਪ੍ਰਭਾਵ ਸੀ ਅਤੇ ਪਤਨਸ਼ੀਲ ਬੁਰਜੂਆ ਸੱਭਿਆਚਾਰ ਅਤੇ ਫਾਸੀਵਾਦ ਦੇ ਰੂਪ ਵਿਚ ਬੁਰਜੂਆ ਸਮਾਜ ਦੇ ਸਾਰੇ ਗੁਪਤ ਰੋਗ ਖੁੱਲ੍ਹੇ ਵਿਚ ਆ ਚੁੱਕੇ ਸਨ ਅਤੇ ਇਕ ਤੱਥ ਇਹ ਵੀ ਸੀ ਕਿ ਬੁਰਜੂਆ ਸੰਗੀਤ ਦੀ ਅਮੀਰ ਵਿਰਾਸਤ ਤੋਂ ਜਾਣੂੰ ਅਤੇ ਸੰਗੀਤ ਦੀ ਪੇਸ਼ੇਵਰ ਟ੍ਰੇਨਿੰਗ ਵਾਲੇ ਬੁੱਧੀਜੀਵੀ ਪਿਛੋਕੜ ਦੇ ਸੰਗੀਤਕਰਮੀ ਵੀਹਵੀਂ ਸਦੀ ਦੇ ਮੁੱਢ ਤੋਂ ਹੀ ਮਜ਼ਦੂਰਾਂ ਦੇ ਵਿਚਕਾਰ ਲਗਾਤਾਰ ਸਰਗਰਮ ਸਨ।

(29) ਇਸ ਪ੍ਰਸੰਗ ਵਿਚ ਹਾਂਸ ਆਈਸਲਰ ਦੇ ਵਿਚਾਰਾਂ ਨੂੰ ਇਕ ਵਾਰ ਫਿਰ ਪੇਸ਼ ਕਰੀਏ, ‘ਸੱਤਰ ਸਾਲ ਪਹਿਲਾਂ ਜਦੋਂ ਜਰਮਨ ਮਜ਼ਦੂਰ ਫਟੇਹਾਲ ਵਰਗੀ ਹਾਲਤ ਵਿਚ ਅਤੇ ਸੱਭਿਆਚਾਰ ਤੋਂ ਵਾਂਝਾ ਸੀ। ਦਵੰਦਾਤਮਕ ਭੌਤਿਕਵਾਦ ਦੇ ਕਲਾਸਕੀ ਲੇਖਕਾਂ ਵਿਚੋਂ ਇਕ ਫਰੈਡਰਿਕ ਏਂਗਲਜ਼ ਨੇ ਐਲਾਨ ਕੀਤਾ ਸੀ ਕਿ ਇਨ੍ਹਾਂ ਬਦਬਖ਼ਤ ਔਰਤ-ਮਰਦਾਂ ਦੀ ਜਮਾਤ, ਜੋ ਅੱਜ ਭੈੜੀ ਹਾਲਤ ਵਿਚ ਜੀ ਰਹੀ ਹੈ, ਇਕ ਦਿਨ ਉਹ ਇਕੋ-ਇਕ ਜਮਾਤ ਹੋਵੇਗੀ ਜੋ ਜਰਮਨੀ ਵਿਚ ਕਲਾਸਕੀ ਦਰਸ਼ਨ ਦੀ ਵਿਰਾਸਤ ਨੂੰ ਅੱਗੇ ਵਧਾਉਣ ਲਈ ਸਾਹਮਣੇ ਆਏਗੀ। ਇਹ ਸੁਣ ਕੇ ਉਸ ਸਮੇਂ ਦੇ ਸਾਰੇ ਪ੍ਰੋਫ਼ੈਸਰਾਂ ਦੇ ਹੱਸ-ਹੱਸ ਕੇ ਢਿੱਡੀ ਪੀੜਾਂ ਪੈ ਗਈਆਂ ਸਨ ਅਤੇ ਮੈਂ ਏਂਗਲਜ਼ ਦੀ ਭਵਿੱਖਬਾਣੀ ਨੂੰ ਸੰਗੀਤ ਵਿਚ ਲਾਗੂ ਕਰਦਾ ਹਾਂ ਅਤੇ ਮੰਨਦਾ ਹਾਂ ਕਿ ਮਜ਼ਦੂਰ ਯਾਨੀ ਇਥੇ ਡਸੇਲਡੋਰਫ ਵਿਚ ਰੂਰ ਦੇ ਖਾਣ ਮਜ਼ਦੂਰ, ਸੋਲਿੰਗੇਨ ਦੇ ਸਟੀਲ ਮਜ਼ਦੂਰ, ਹੇਕਸਮ ਦੇ ਰਸਾਇਣ ਮਜ਼ਦੂਰ ਇਹੀ ਉਹ ਇਕੋ ਇਕ ਜਮਾਤ ਹੈ ਜੋ ਸਾਡੀਆਂ ਅੱਖਾਂ ਸਾਹਮਣੇ ਹੋ ਰਹੇ ਬੁਰਜੂਆ ਸੰਗੀਤ ਸੱਭਿਆਚਾਰ ਦੇ ਖੋਰੇ ਅਤੇ ਪਤਨ ਦੇ ਬਾਅਦ ਮਹਾਨ ਬੁਰਜੂਆ ਸੰਗੀਤ ਦੀ ਪਰੰਪਰਾ ਨੂੰ ਉਤਸ਼ਾਹ ਨਾਲ ਪ੍ਰਵਾਨ ਕਰੇਗੀ ਅਤੇ ਅੱਗੇ ਵਧਾਏਗੀ। ਇਸੇ ਜਮਾਤ ਤੋਂ ਸਮਾਜਵਾਦ ਦੀ ਨਵੀਂ ਸੰਗੀਤ ਸੰਸਕ੍ਰਿਤੀ ਦੇ ਨਿਰਮਾਤਾ ਸਾਹਮਣੇ ਆਉਣਗੇ।‘ਇਕ ਨਵੀਂ ਸੰਗੀਤ ਸੰਸਕ੍ਰਿਤੀ ਦੇ ਨਿਰਮਾਤਾ’ 1931 ਵਿਚ ਡਸੇਲਡੋਰਫ ਵਿਚ ਦਿੱਤਾ ਗਿਆ ਭਾਸ਼ਣ)।

(30) ਦਵੰਦਾਤਮਕ ਭੌਤਿਕਵਾਦੀ ਚਿੰਤਨ ਪੱਧਤੀ ਦੇ ਅਨੁਸਾਰ ਜਦੋਂ ਅਸੀਂ ਮਜ਼ਦੂਰ ਜਮਾਤ ਦੇ ਸੰਗੀਤ ਸਿਰਜਣ ਦੇ ਬਾਰੇ ਵਿਚ ਸੋਚਦੇ ਹਾਂ ਤਾਂ ਉਸ ਦੇ ਕੁਝ ਬੁਨਿਆਦੀ ਲੱਛਣਾਂ ਦੀ ਚਰਚਾ ਜ਼ਰੂਰੀ ਹੈ। ਇਸ ਪ੍ਰੋਲੇਤਾਰੀ ਸੰਗੀਤ ਵਿੱਚ ਜੀਵਨ ਤੋਂ ਅਲੱਗ ਕੀਤਾ ਅਤੇ ਪ੍ਰਤੀਕੂਲ ਕਿਸੇ ਤਰ੍ਹਾਂ ਦੀ ਕਾਲਪਨਿਕ 'ਹਾਰਮਨੀ' 'ਤੇ ਜ਼ੋਰ ਨਹੀਂ ਹੋਵੇਗਾ। ਬਲਕਿ 'ਹਾਰਮਨੀ' ਅਤੇ 'ਐਂਟੀ ਹਾਰਮਨੀ' ਦੇ ਵਿਚਕਾਰ ਦਾ ਦਵੰਦ ਹੋਵੇਗਾ। ਅਜਿਹਾ ਹੀ ਜੀਵਨ ਵਿਚ ਹੈ। ਇਹ ਦਵੰਦ ਵੀ ਇਕ ਉੱਨਤ ਪੱਧਰ 'ਤੇ 'ਹਾਰਮੋਨਿਕ' ਪ੍ਰਤੀਤ ਹੁੰਦਾ ਹੈ। ਇਸ ਨੂੰ ਯਥਾਰਥਵਾਦੀ ਸੁਹਜਬੋਧ ਤੋਂ ਹੀ ਸਮਝਿਆ-ਸਰਾਹਿਆ ਜਾ ਸਕਦਾ ਹੈ।

(31) ਪ੍ਰੋਲੇਤਾਰੀ ਸੰਗੀਤਕ ਕਿਰਤ ਦੀ ਦਵੰਦਾਤਮਕ ਬਣਤਰ 'ਬੰਦ' ਨਹੀਂ ਬਲਕਿ 'ਖੁੱਲੀ ਹੋਈ' ਹੋਵੇਗੀ ਜੋ ਇਸ ਦੀ ਗਤੀਸ਼ੀਲਤਾ ਦੀ ਦਿਸ਼ਾ ਦੀ ਪ੍ਰਤੀਕ ਹੋਵੇਗੀ।

(32) ਪ੍ਰਬੋਧਨ ਦੇ ਜੋ ਆਦਰਸ਼ ਬੁਰਜੂਆ ਇਨਕਲਾਬ ਦੇ ਬਾਅਦ ਛਲਾਵਾ ਸਾਬਤ ਹੋਏ ਸਨ, ਉਹ ਮਜ਼ਦੂਰ ਇਨਕਲਾਬ ਦੇ ਸਜੀਵ ਅਤੇ ਸਭ ਤੋਂ ਮੂਲ ਯਥਾਰਥਹਨ। ਇਕੋ-ਇਕ ਸਮਾਜਵਾਦ ਹੀ ਤਰਕ ਬੁੱਧੀ ਦੇ ਰਾਜ ਅਤੇ ਸਮਾਜ ਦੀ ਸਥਾਪਨਾ ਹੈ। ਸਮਾਜਵਾਦ, ਸਮਾਜ ਵਿਚ ਤਰਕ ਅਤੇ ਵਿਵੇਕ ਦੇ ਗਲਬੇ ਦੇ ਮਜ਼ਬੂਤ ਹੁੰਦੇ ਜਾਣ ਦੀ ਨਿਰੰਤਰ ਵਿਕਾਸਮੁਖੀ ਪ੍ਰਕਿਰਿਆ ਹੈ। ਅੱਗੇ ਕਮਿਊਨਿਜ਼ਮ ਵੱਲ ਖੁੱਲ੍ਹੀ ਹੋਈ ਬਣਤਰ। ਇਸ ਲਈ ਪ੍ਰੋਲੇਤਾਰੀ ਨਾਟਕ ਦੀ ਤਰ੍ਹਾਂ ਪ੍ਰੋਲੇਤਾਰੀ ਸੰਗੀਤ ਵੀ ਵਕਤੀ ਅਹਿਸਾਸ ਦੀ ਜਗ੍ਹਾ, ਸੰਮੋਹਕ ਜਜ਼ਬਾਤਾਂ ਵਿਚ ਬਹਾਉਣ ਦੀ ਜਗ੍ਹਾ, ਅਲਹਿਦਗੀ ਪ੍ਰਭਾਵ ਤੋਂ ਤਰਕ ਅਤੇ ਆਲੋਚਨਾਤਮਕ ਵਿਵੇਕ ਨੂੰ ਉਕਸਾਉਣ ਦਾ ਕੰਮ ਕਰੇਗਾ। ਅਜਿਹਾ ਨਹੀਂ ਕਿ ਉਸ ਵਿਚ ਭਾਵਨਾਵਾਂ ਹੋਣਗੀਆਂ ਹੀ ਨਹੀਂ। ਜਜ਼ਬਾਤਾਂ ਦੀ ਤਰਕ ਨਿਖੇਧੀ ਇਕਪਾਸੜ ਪ੍ਰਵਾਹ ਦੀ ਜਗ੍ਹਾ ਭਾਵਨਾਵਾਂ ਸਮੁੰਦਰ ਦੀਆਂ ਲਹਿਰਾਂ ਦੀ ਤਰ੍ਹਾਂ ਉੱਠਣਗੀਆਂ। ਫਿਰ ਮੁੜਨਗੀਆਂ, ਇਕਦਮ ਦਵੰਦਾਤਮਕ ਗਤੀ। ਭਾਵਨਾਵਾਂ ਅਤੇ ਤਰਕ ਦਾ ਦਵੰਦਾਤਮਕ ਸੰਸ਼ਲੇਸ਼ਣ ਹੋਵੇਗਾ। ਠੀਕ ਉਵੇਂ ਹੀ ਜਿਹੋ-ਜਿਹੀ ਪਰਿਕਲਪਨਾ 'ਆਈਜ਼ੇਨਸਤਾਇਨ' ਦੀ ਸੀ ਪ੍ਰੋਲੇਤਾਰੀ ਸਿਨੇਮਾ ਦੇ ਬਾਰੇ ਵਿਚ, ਵਿਚਾਰਾਂ ਦੇ ਗੁਰੂਤਵ ਅਤੇ ਅਹਿਸਾਸਾਂ ਦੇ ਸੰਵੇਗ ਦਾ ਦਵੰਦਾਤਮਕ ਸੰਸਲੇਸ਼ਣ।

(33) ਭਾਵਨਾਤਮਕ ਭਰਮ (Emotional Confusion) ਪੈਦਾ ਕਰਨ ਵਾਲੇ ਸੰਗੀਤ ਨੂੰ ਅਤੇ ਆਡੰਬਰ ਪੂਰਣ ਸੰਗੀਤ ਨੂੰ ਬ੍ਰੈਸ਼ਟ ਸਿਰੇ ਤੋਂ ਖਾਰਜ ਕਰਦੇ ਹਨ। ਇਕ ਤਾਂ ਉਹ ਛਤਰੀ ਅਤੇ ਓਵਰਕੋਟ ਦੇ ਨਾਲ ਹੀ ਆਪਣਾ ਦਿਮਾਗ ਵੀ ਅਮਾਨਤੀ ਸਮਾਨ ਘਰ ਵਿਚ ਰੱਖ ਕੇ ਕੰਸਰਟ ਜਾਂ ਆਪੇਰਾ ਵਿਚ ਜਾਣ ਦੇ ਘੋਰ ਵਿਰੋਧੀ ਸਨ। ਦੂਜੇ ਗੈਰ-ਜ਼ਰੂਰੀ ਆਡੰਬਰ ਤੋਂ ਉਨ੍ਹਾਂ ਨੂੰ ਚਿੜ੍ਹ ਸੀ। ਸਿਰਫ਼ ਨਕਲੀ ਦਰਸ਼ਨ ਹੀ ਆਡੰਬਰਪੂਰਣ ਹੁੰਦਾ ਹੈ। ਜੀਵਨ ਦੀ ਅਸਲ ਦਾਰਸ਼ਨਿਕ ਗਹਿਰਾਈ ਵਿਚ ਵੀ ਇਕ ਤਰ੍ਹਾਂ ਦੀ ਸਹਿਜਤਾ ਹੁੰਦੀ ਹੈ, ਕੁਦਰਤੀ ਖਿੱਚ ਹੁੰਦੀ ਹੈ। ਪ੍ਰੋਲੇਤਾਰੀ ਸੰਗੀਤ ਕਲਾ ਦਾ ਉੱਚ ਪੱਧਰ ਕੁਝ ਅਜਿਹਾ ਹੀ ਹੋਵੇਗਾ। ਸੰਗੀਤ ਵਿਚ ਤਰਕਬੁੱਧੀ ਦੇ ਬ੍ਰੈਸ਼ਟ ਦੇ ਯਤਨ ਤੋਂ ਉਸ ਸਮੇਂ ਦੇ ਜ਼ਿਆਦਾਤਰ ਸੰਗੀਤਕਾਰਾਂ ਨੂੰ ਸਦਮਾ ਤਾਂ ਲੱਗ ਜਾਂਦਾ ਸੀ ਪਰ ਇਸ ਦਾ ਬੁਨਿਆਦੀ ਤਰਕ ਸਹੀ ਹੈ ਅਤੇ ਹਾਂਸ ਆਈਸਲਰ ਅਤੇ ਬਾਅਦ ਦੇ ਕੁਝ ਪ੍ਰੋਲੇਤਾਰੀ ਸੰਗੀਤਕਾਰਾਂ ਨੇ ਇਸ ਤਰਕ ਨੂੰ ਸਮਝਿਆ ਵੀ।

(34) ਆਪਣੇ ਇਕ ਲੇਖ ('ਆਧੁਨਿਕ ਥੀਏਟਰ-ਏਪਿਕ ਥੀਏਟਰ') ਵਿਚ ਪਰੰਪਰਾਗਤ ਡ੍ਰਾਮਾਟਿਕ ਆਪੇਰਾ ਅਤੇ ਏਪਿਕ ਆਪੇਰਾ ਦੇ ਸੰਗੀਤ ਦੇ ਵਿਚਕਾਰ ਦੀਆਂ ਜਿਨ੍ਹਾਂ ਭਿੰਨਤਾਵਾਂ ਨੂੰ ਬ੍ਰੈਖ਼ਤ ਨੇ ਰੇਖਾਂਕਿਤ ਕੀਤਾ ਸੀ, ਉਨ੍ਹਾਂ ਵਿਚ ਇਹ ਭਿੰਨਤਾਵਾਂ ਵੀ ਸ਼ਾਮਲ ਸਨ-

(←) ਡ੍ਰਾਮਾਟਿਕ ਆਪੇਰਾ ਸੰਗੀਤ ਚਿੱਤਰਣ ਕਰਦਾ ਹੈ ਜਦ ਕਿ ਏਪਿਕ ਆਪੇਰਾ ਦਾ ਸੰਗੀਤ 'ਪੋਜ਼ੀਸ਼ਨ' ਲੈਂਦਾ ਹੈ।

(←←) ਡ੍ਰਾਮਾਟਿਕ ਆਪੇਰਾ ਦਾ ਸੰਗੀਤ ਮਨੋਵਿਗਿਆਨਕ ਸਥਿਤੀ ਨੂੰ ਚਿੱਤਰਤ ਕਰਦਾ ਹੈ ਜਦ ਕਿ ਏਪਿਕ ਆਪੇਰਾ ਦਾ ਸੰਗੀਤ 'ਐਟੀਚਿਊਡ' ਦਿੰਦਾ ਹੈ। ਏਪਿਕ ਆਪੇਰਾ ਦੇ ਸੰਗੀਤ ਦੀਆਂ ਇਨ੍ਹਾਂ ਵਿਸ਼ਿਸ਼ਟਤਾਵਾਂ ਨੂੰ ਅਸੀਂ ਆਮ ਤੌਰ 'ਤੇ ਪੂਰੇ ਪ੍ਰੋਲੇਤਾਰੀ ਸੰਗੀਤ 'ਤੇ ਲਾਗੂ ਕਰ ਸਕਦੇ ਹਾਂ।

ਅਤੇ ਅੰਤ ਵਿਚ ਇਹ ਕਿ ਸਾਡੇ ਸਿਧਾਂਤਕ ਚਿੰਤਨ ਦੀ ਇਕੋ-ਇਕ ਸਾਰਥਕਤਾ ਪ੍ਰਯੋਗ ਵਿਚ ਹੈ। ਅਧਿਐਨ ਕਮਰਾ, ਪ੍ਰਯੋਗਸ਼ਾਲਾ ਨਹੀਂ ਹੁੰਦਾ। ਖੇਤੀ ਖੋਜਸ਼ਾਲਾ, ਖੇਤ ਨਹੀਂ ਹੁੰਦੀ। ਸਾਨੂੰ ਮੈਦਾਨ ਵਿਚ ਉੱਤਰਨਾ ਹੋਵੇਗਾ। ਇਸ ਬੇਹੱਦ-ਬੇਹੱਦ ਜ਼ਰੂਰੀ ਮੋਰਚੇ 'ਤੇ ਪ੍ਰਯੋਗਾਂ ਦੀ ਸ਼ੁਰੂਆਤ ਕਰਨੀ ਹੀ ਹਵੇਗੀ। ਇਸ ਨਿਯਮ ਨੂੰ ਯਾਦ ਰੱਖਣਾ ਹੋਵੇਗਾ ਕਿ ਪੁਡਿੰਗ ਦਾ ਪ੍ਰਮਾਣ ਖਾਣ ਵਿਚ ਹੈ। (...The proof of the pudding's in the eating.)

✡ ✡ ✡ ✡ ✡

‘ਦਸਤਕ ਪ੍ਰਕਾਸ਼ਨ’ ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਸਰਮਾਏਦਾਰ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ ’ਤੇ ਅੱਗੇ ਵੱਧ ਰਿਹਾ ਹੈ।